# ਮੰਜੀ
# ਤੇ
# ਮਸੰਦ ਪਰੰਪਰਾ

ੴ ਸਤਿਗੁਰ ਪ੍ਰਸਾਦਿ ॥

# ਮੰਜੀ ਤੇ ਮਸੰਦ ਪਰੰਪਰਾ

ਡਾ. ਸ਼ਮਸ਼ੇਰ ਸਿੰਘ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼—419
ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ।

ਮੁੱਲ : ਰੁਪਏ 5-00

## PREFACE

Guru Nanak Dev Mission was formed in 1963 with Dr. Ganda Singh as President. The main aim of the Mission was to publish the tracts connected with Sikhism, Gurbani and Sikh History. After the death of Dr. Ganda Singh, some members of the Mission decided to form a Trust in his memory and Dr. Ganda Singh Memorial Trust was created by the Guru Nanak Dev Mission, Patiala. Taking into consideration the life long research in history by Dr. Ganda Singh, it was decided to have annual research paper competition in his memory. The first competition was held in 1989, second in 1990 and the third in 1991. It was also decided by Guru Nanak Dev Mission to publish the research papers as tracts. Last year, first three papers for the year 1990 were published as tracts Nos. 403, 404 & 405. Similarly, this year the first three papers of the year 1991 are being published and this paper written by Dr. Shamsher Singh has been awarded 3rd Prize by the Trust and is being published as a Tract by the Mission.

Mission is grateful to Prof. Mohinder Singh for his co-operation and help in publishing the tract.

Guru Nanak Dev Mission
Patiala

# ਮੰਜੀ ਤੇ ਮਸੰਦ ਪਰੰਪਰਾ

ਡਾ. ਸ਼ਮਸ਼ੇਰ ਸਿੰਘ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

**ਪਿਛੋਕੜ :-**ਮੰਜੀ ਅਤੇ ਮਸੰਦ ਪਰੰਪਰਾ ਨੂੰ ਵਰਣਨ ਕਰਨ ਤੋਂ ਪਹਿਲਾ ਇਸਦੇ ਪਿਛੋਕੜ ਵਿੱਚ ਜਾਣ ਨਾਲ ਇਸਦੀ ਸਾਰੀ ਅਤੇ ਭਰਪੂਰ ਵਿਆਖਿਆ ਹੋ ਸਕੇਗੀ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ (1469-1539) ਨੇ ਆਪਣੀ ਜਿੰਦਗੀ ਦੇ (ਜੁਆਨੀ ਦੇ) ਲਗਭਗ 23-24 ਸਾਲ ਚਾਰ ਵੱਡੀਆਂ ਉਦਾਸੀਆਂ ਵਿਚ ਗੁਜਾਰੇ। ਇਨ੍ਹਾਂ ਉਦਾਸੀਆਂ ਦਾ ਮੰਤਵ ਲੋਕਾਂ ਨੂੰ ਨਾਮ-ਦਾਨ ਅਤੇ ਇਸ਼ਨਾਨ ਦ੍ਰਿੜ ਕਰਾਉਣਾ ਸੀ। ਭਾਈ ਕਾਨ ਸਿੰਘ ਨਾਭਾ ਦੇ ਕਥਨ ਅਨੁਸਾਰ ਨਾਮ-ਦਾਨ ਇਸ਼ਨਾਨ ਦਾ ਫਾਰਮੂਲਾ ਸਿੱਖ ਧਰਮ ਦੀ ਵਿਚਾਰਧਾਰਾ ਦੀ ਸੰਖੇਪ ਰੂਪ ਵਿਚ ਪੇਸ਼ ਕਰਦਾ ਹੈ।[1] ਨਾਮ ਅਕਾਲ ਪੁਰਖ ਪ੍ਰਤਿ ਸ਼ਰਧਾ ਦਾ ਸੂਚਕ ਹੈ, ਦਾਨ ਦਾ ਸਧਾਰਨ ਅਰਥ ਦਾਨ ਹੈ ਪ੍ਰੰਤੂ ਗੁਰਮਤ ਵਿਚ ਇਸਦਾ ਅਰਥ ਸੇਵਾ ਹੈ ਅਤੇ ਇਸ਼ਨਾਨ ਤੋਂ ਭਾਵ ਹੈ ਪਵਿਤਰਤਾ ਤਨ ਅਤੇ ਮਨ ਦੀ। ਨਾਮ ਤੋਂ ਭਾਵ ਪ੍ਰਭੂ ਯਾਦ ਵਿਚ ਹਰ ਵਕਤ ਲੀਨ ਰਹਿਣਾ ਅਤੇ ਦੁਨਿਆਵੀ ਮੋਹ ਮਾਇਆ ਤੋਂ ਨਿਰਲੇਪ। ਦਾਨ ਤੋਂ ਭਾਵ ਆਪਣੇ ਆਪ ਨੂੰ ਇਸ ਤਰ੍ਹਾਂ ਦੇ ਅਮਲੀ ਜੀਵਨ ਜਿਸ ਵਿਚ ਗ੍ਰਹਿਸਤ ਵੀ ਸ਼ਾਮਲ ਹੈ, ਦੇ ਰਾਹੀ ਸਮਾਜ ਅਤੇ ਦੇਸ਼ ਲਈ ਲਾਭਦਾਇਕ ਸਾਬਤ ਕਰਨਾ ਹੈ, ਭਾਵ ਸਮਾਜ ਤੇ ਭਾਰੂ ਨਹੀਂ ਬਣਨਾ, ਕਿਰਤ ਕਰਕੇ ਵੰਡ ਕੇ ਛਕਣਾ ਜ਼ਰੂਰੀ ਹੈ ਅਤੇ ਇਸ਼ਨਾਨ ਤੋਂ ਭਾਵ ਸਰੀਰਕ ਤੇ ਮਾਨਸਿਕ ਪਵਿਤਰਤਾ ਹੈ। ਜਿਸ ਰਾਹੀਂ ਸਿੱਖ ਨੇ ਆਪਣੇ ਜੀਵਨ ਆਦਰਸ਼ ਦੀ ਸੜਕ ਉਪਰ ਤੁਰਨਾ ਹੈ।[2] ਗੁਰੂ ਨਾਨਕ ਨੇ ਸਿਖੀ ਦੇ ਇਨ੍ਹਾਂ ਤਿੰਨਾਂ ਥੰਮਾਂ ਨੂੰ ਹੀ ਲੋਕਾਂ ਤਾਈ ਦ੍ਰਿੜ ਕਰਾਇਆ। ਇਹ ਤਿਨ ਬੁਨਿਆਦੀ ਅਸੂਲ ਗੁਰੂ ਨਾਨਕ ਨੇ ਸਾਰੀ ਮਾਨਵਤਾ ਲਈ ਦ੍ਰਿੜ ਕਰਾਏ।[3]

ਗੁਰੂ ਨਾਨਕ ਨੇ ਜੋ ਦ੍ਰਿੜ ਕਰਾਇਆ ਉਹ ਕੋਈ ਦਿਮਾਗੀ ਕਸਰਤ ਨਹੀਂ ਸੀ ਇਹ ਅਮਲੀ ਜੀਵਨ ਅਤੇ ਆਤਮਕ ਚਾਨਣ ਵਾਲੀ ਗਲ ਸੀ। ਗੁਰੂ ਨਾਨਕ ਦਾ ਪ੍ਰਭੂ ਨਿਰਗੁਣ ਹੋਣ ਕਰਕੇ ਨਹੀਂ ਦੇਖਿਆ ਜਾ ਸਕਦਾ ਪ੍ਰੰਤੂ ਉਸਦੀ ਸਰਬ ਵਿਆਪਕਤਾ ਦਾ ਅਹਿਸਾਸ ਉਸਦੀ ਸਾਜੀ ਕਾਇਨਾਤ ਵਿਚੋਂ ਕੀਤਾ ਜਾ ਸਕਦਾ ਹੈ ਜਿਵੇਂ ਫੁਲ ਵਿਚੋਂ ਖੁਸ਼ਬੋ ਲਈ ਜਾਂਦੀ ਹੈ[4] ਇਸ ਤਰ੍ਹਾਂ ਪ੍ਰਭੂ ਨੂੰ ਜੋਤ ਰੂਪ ਵਿਚ ਹਰ ਥਾਂ ਦੇਖ ਕੇ ਉਸਨੂੰ ਪਿਆਰ ਕੀਤਾ ਜਾ ਸਕਦਾ ਹੈ।

ਗੁਰੂ ਨਾਨਕ ਨੇ ਚਾਰ ਉਦਾਸੀਆਂ (1497 ਤੋਂ 1521)[5] ਦੌਰਾਨ ਭਾਰਤ ਅਤੇ ਇਸਦੇ ਨਾਲ ਸੰਬੰਧਤ ਦੇਸ਼ਾਂ ਵਿਚ ਜਿਥੇ ਜਿਥੇ ਗਏ ਲੋਕਾਂ ਨੂੰ ਜੀਵਨ ਆਦਰਸ਼ ਪ੍ਰਤਿ ਜਾਣੂ ਕਰਵਾਇਆ। ਜੀ. ਸੀ. ਨਾਰੰਗ ਦੇ ਕਥਨ ਅਨੁਸਾਰ ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ

ਨੂੰ ਪਹਿਲਾ ਨਾਲੋਂ ਕਿਤੇ ਚੰਗੇਰੀ ਸਥਿਤੀ ਵਿਚ ਲੈ ਆਂਦਾ ਸੀ । ਉਨਾਂ ਦੇ ਧਾਰਮਕ ਵਿਸ਼ਵਾਸ਼ ਸ਼ੁਧ ਹੋ ਗਏ ਸਨ। ਉਨ੍ਹਾਂ ਦੀ ਪੂਜਾ ਵਿਚ ਨਿਰਮਲਤਾ ਆ ਗਈ ਸੀ ।[6] ਅਗੇ ਲਿਖਦਾ ਹੈ ਕਿ ਗੁਰੂ ਨਾਨਕ ਨੇ ਨਿਰਸੰਦੇਹ ਮਰ ਰਹੇ ਹਿੰਦੂ ਸਮਾਜ ਨੂੰ ਸੁਰਜੀਤ ਕਰਨ ਵਿਚ ਕਾਫੀ ਸਫਲ ਹੋਏ ਉਨ੍ਹਾਂ ਦਾ ਧਰਮ ਹੁਣ ਸਵਸਥ ਹੋਣ ਲਗ ਪਿਆ ਸੀ।[7] ਡਾ. ਹਰੀ ਰਾਮ ਗੁਪਤਾ ਲਿਖਦਾ ਹੈ:-

ਗੁਰੂ ਨਾਨਕ ਦੁਆਰਾ ਇਸ ਨਵ ਸਥਾਪਤ ਧਰਮ ਨੂੰ ਸਮਕਾਲੀ ਅੰਧ ਵਿਸ਼ਵਾਸ਼ਾਂ ਨਾਲ ਭਰਪੂਰ ਕਰਮ ਕਾਂਡ ਵਹਿਮਾਂ ਭਰਮਾਂ, ਅਤੇ ਰਸਮ ਰਿਵਾਜਾਂ ਤੋਂ ਬਚਾਉਣਾ ਜ਼ਰੂਰੀ ਸੀ। ਗੁਰੂ ਨਾਨਕ ਨੇ ਇਸ ਕੰਮ ਲਈ ਆਪਣਾ ਯੋਗ ਉਤਰਾ-ਧਿਕਾਰੀ ਲਹਿਣਾ ਸਿੱਖ ਚੁਣਿਆ। ਗੁਰੂ ਨਾਨਕ ਨੇ ਆਪਣੀ ਜ਼ਿੰਦਗੀ ਦੇ ਅੰਤਮ ਸਾਲ ਕਰਤਾਰਪੁਰ (ਰਾਵੀ ਦੇ ਕਿਨਾਰੇ) ਬਤਾਏ ਗੁਰੂ ਨਾਨਕ ਦੇ ਅਗੇ ਤੋਂ ਗੁਰੂ ਅੰਗਦ ਹਇਆ।[8] ਗੁਰੂ ਅੰਗਦ ਨੇ ਗੁਰੂ ਮਿਸ਼ਨ ਨੂੰ ਕਾਇਮ ਰਖਣ ਲਈ ਆਪਣਾ ਕੇਂਦਰ ਖਡੂਰ ਸਾਹਿਬ ਬਣਾਇਆ। ਖਡੂਰ ਸਾਹਿਬ ਜ਼ਿਲਾ ਅੰਮ੍ਰਿਤਸਰ ਵਿਚ ਪੈਂਦਾ ਹੈ। ਇਥੇ ਗੁਰੂ ਨਾਨਕ ਦੀ ਚਲਾਈ ਹੋਈ ਪਵਿਤਰ ਮਰਿਯਾਦਾ ਨੂੰ ਜਾਰੀ ਰੱਖਿਆ । ਗੁਰੂ ਨਾਨਕ ਪ੍ਰਥਮ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ ਪ੍ਰਿਯਤਾ ਅਤੇ ਪ੍ਰਸਿਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਪ੍ਰਥਮ ਗਦ ਰਚਨਾ ਬਣੀ[9]

ਕਰਤਾਰ ਪੁਰ ਗੁਰੂ ਨਾਨਕ ਨੇ ਧਰਮਸਾਲਾ ਕਾਇਮ ਕੀਤੀ ਸਵੇਰੇ ਜਪੁਜੀ ਅਤੇ ਸ਼ਾਮੀ ਰਹਿਰਾਸ ਅਤੇ ਕੀਰਤਨ ਸੋਹਿਲੇ ਦੀ ਰੀਤ ਕਾਇਮ ਕੀਤੀ। ਇਸ ਦੇ ਨਾਲ ਹੀ ਚਰਨ ਪਹੁਲ[10] ਦੀ ਰੀਤ ਚਲਾਈ। ਚਰਨ ਪਹੁਲ ਸਿੱਖੀ ਵਿਚ ਦਾਖਲ ਹੋਣ ਦੀ ਰਸਮ ਸੀ। ਪਵਿਤਰ ਜਲ ਗੁਰੂ ਦੇ ਚਰਨਾਂ ਨੂੰ ਛੁਹਾ ਕੇ ਸ਼ਰਧਾਵਾਨ ਸਿੱਖ ਇਸਨੂੰ ਪੀਣ ਨਾਲ ਸਿਖੀ ਧਰਮ ਗ੍ਰਹਿਣ ਕਰ ਲੈਂਦਾ ਸੀ। ਚਰਨ ਪਹੁਲ ਦਾ ਜਲ ਸੰਗਤ ਵਲੋਂ ਸ਼ਰਧਾ ਅਤੇ ਨਿਮਰਤਾ ਸਹਿਤ ਸਵੀਕਾਰ ਕੀਤਾ ਜਾਂਦਾ ਸੀ! ਗੁਪਤਾ ਜੀ ਲਿਖਦਾ ਹੈ ਕਿ ਗੁਰੂ ਨਾਨਕ ਨੇ ਸੰਸਾਰ ਦੇ ਗਰੀਬ ਤੇ ਅਮੀਰ ਸਜਨ ਅਤੇ ਠੱਗ, ਚੰਗੇ ਤੇ ਭੈੜੇ ਸਭ ਪ੍ਰਕਾਰ ਦੇ ਲੋਕਾਂ ਨੂੰ ਨਾਮ ਧਨ ਦੀ ਆਤਮਕ ਖੁਰਾਕ ਦਿਤੀ ।[11]

(ਅ) **ਮੰਜੀ ਸਥਾਪਨਾ ਦੀ ਲੋੜ:**-ਗੁਰੂ ਨਾਨਕ ਨੇ ਚਾਰ ਉਦਾਸੀਆਂ ਦੇ ਦੌਰਾਨ ਜ਼ਿੰਮੇਵਾਰ ਸ਼ਰਧਾਲੂਆਂ ਨੂੰ ਆਪਣੇ ਆਪਣੇ ਇਲਾਕੇ ਵਿਚ ਪ੍ਰਚਾਰ ਹਿਤ ਸੰਗਤਾਂ ਦੇ ਮੁਖੀਆਂ ਦੀ ਸਥਾਪਨਾ ਕੀਤੀ। ਜਿਨ੍ਹਾਂ ਵਿਚੋਂ ਭਾਈ ਸੱਜਣ ਸਾਲਸ ਰਾਏ (ਪਟਨਾ) ਭਾਈ ਮਨਮੁਖ ਆਦਿ ਨਾਮ ਵਰਣਨ ਕਰਨ ਯੋਗ ਹਨ। ਹੋਰ ਦੇਖੋ ਪੰ. 5 ਹਵਾਲਾ ਨੰ. (33)

ਗੁਰੂ ਨਾਨਕ ਨੇ ਕਰਤਾਰ ਪੁਰ ਵਿਖੇ ਸੰਗਤ ਅਤੇ ਪੰਗਤ ਦੀ ਸਥਾਪਨਾ ਕੀਤੀ। ਗੁਰੂ ਜੀ ਆਈਆਂ ਸੰਗਤਾਂ ਨੂੰ ਨਾਮ ਦਾਨ, ਇਸ਼ਨਾਨ, ਦਾ ਉਪਦੇਸ਼ ਕਰਦੇ, ਭਾਈ ਗੁਰਦਾਸ ਨੇ ਗੁਰੂ ਜੀ ਦੁਆਰਾ ਇਸ ਉਪਦੇਸ਼ ਨੂੰ ਮੰਜੀ ਬੈਠ ਕੇ ਲੋਕਾਂ ਦੇ ਜੀਵਨ ਉਧਾਰ ਦਾ ਢੰਗ ਦਸਿਆ ਹੈ।

ਫਿਰ ਬਾਬਾ ਆਇਆ ਕਰਤਾਰ ਪੁਰ
ਭੇਖ ਉਦਾਸੀ ਸਗਲ ਉਤਾਰਾ
ਪਹਿ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰ[12]

ਪ੍ਰਚਾਰ ਦੀ ਇਸ ਪ੍ਰਥਾ ਨੂੰ ਗੁਰੂ ਅੰਗਦ ਦੇਵ ਜੀ ਨੇ ਵੀ ਜਾਰੀ ਰਖਿਆ। ਗੁਰੂ ਅਮਰ ਦਾਸ ਜੀ ਨੇ ਆਪਣਾ ਕੇਂਦਰ ਗੋਇੰਦਵਾਲ (ਬਿਆਸ ਦਰਿਆ ਦੇ ਕੰਢੇ) ਬਣਾਇਆ। ਗੁਰੂ ਅਮਰਦਾਸ ਗੁਰਗੱਦੀ ਉਤੇ ਬੈਠਣ ਸਮੇਂ 73 ਵਰਸ਼ ਦੇ ਬਜ਼ੁਰਗ ਸਨ। ਉਨਾਂ ਲਈ ਦੂਰ 'ਦੁਰਾਡੇ ਸਥਾਪਤ ਕੇਂਦਰਾ (ਸੰਗਤਾਂ) ਉਤੇ ਜਾਣਾ ਮੁਸ਼ਕਲ ਸੀ।[13] ਦੂਸਰਾ ਉਨ੍ਹਾਂ ਦਿਨਾਂ ਵਿਚ ਆਵਾਜਾਈ ਦੇ ਸਾਧਨ ਵੀ ਇਤਨੇ ਉਪਲਬਧ ਨਹੀਂ ਸਨ। ਹਰ ਥਾਂ ਪਹੁੰਚਣ ਲਈ ਕਈ ਦਿਨਾਂ ਦੇ ਸਫਰ ਤੋਂ ਬਾਦ ਸਫਲਤਾ ਮਿਲਦੀ ਸੀ। ਆਉਣ ਜਾਣ ਦੇ ਸਾਧਨ ਘੋੜੇ ਅਤੇ ਬੈਲ ਗੱਡੀਆਂ ਸਨ। ਦੂਰ ਸੰਚਾਰ ਦੇ ਸਾਧਨ ਵੀ ਅੱਜ ਵਾਂਗ ਨਹੀਂ ਸਨ।

ਗੁਰੂ ਨਾਨਕ ਦੇ ਦੂਰ ਦੂਰ ਤਕ ਸਿੱਖੀ ਦਾ ਬੀਜ ਬੀਜ ਦਿਤਾ ਸੀ। ਸੰਗਤਾਂ ਕਾਇਮ ਹੋ ਗਈਆਂ ਸਨ ਉਨ੍ਹਾਂ ਸੰਗਤਾਂ ਨਾਲ ਸੰਪਰਕ ਰਖਣਾ ਜ਼ਰੂਰੀ ਸੀ। ਗੁਰੂ ਅਮਰ ਦਾਸ ਜੀ ਪਾਸ ਸਿੱਖ ਸੰਗਤਾਂ ਆਉਂਦੀਆਂ ਹੀ ਰਹਿੰਦੀਆਂ ਸਨ[14] ਇਸ ਲਈ ਵੀ ਜ਼ਰੂਰੀ ਸੀ ਕਿ ਹੈਡ ਕੁਆਟਰ ਉਤੇ (ਗੋਇੰਦਵਾਲ) ਰਹਿਣਾ ਜ਼ਰੂਰੀ ਸੀ। ਸੰਗਤਾਂ ਲਈ ਗੁਰੂ ਤਕ ਆਉਣ ਦਾ ਸਮਾਂ ਵੀ ਨਿਯਤ ਨਹੀਂ ਸੀ। ਜੇਕਰ ਗੁਰੂ ਜੀ ਬਾਹਰ ਟੂਰ ਉਤੇ ਜਾਂਦੇ ਸੰਗਤਾਂ ਪਿਛੋਂ ਆ ਕੇ ਮੁੜ ਜਾਣ ਤਦ ਵੀ ਸਿਖੀ ਸੰਪਰਕ ਟੁੱਟਣ ਦਾ ਡਰ ਸੀ।

ਇਸ ਤੋਂ ਇਲਾਵਾ ਗੁਰੂ ਨਾਨਕ ਦੇ ਨਵ ਜਨਮੇ ਧਰਮ ਨੂੰ ਸਾਮਕਾਲੀ ਕਰਮ ਕਾਂਡਾ, ਤੋਂ ਹੋਰ ਵਹਿਮਾ ਭਰਮਾਂ ਤੋਂ ਬਚਾਉਣਾ ਅਤਿ ਜ਼ਰੂਰੀ ਸੀ। ਇਨ੍ਹਾਂ ਉਪਰੋਕਤ ਸਾਰੀਆਂ ਗਲਾਂ ਨੂੰ ਮੁਖ ਰਖ ਕੇ ਜ਼ਰੂਰੀ ਸੀ ਕਿ ਸਿਖ ਜਗਤ ਨੂੰ ਕਿਸੇ ਨਿਯਮ ਬੱਧ ਤਰੀਕੇ ਨਾਲ ਮੁਖ ਕੇਂਦਰ ਨਾਲ ਜੋੜਿਆ ਜਾਵੇ।[15] ਸਿੱਖ ਜਗਤ ਨੂੰ ਗੁਰੂ ਘਰ ਦੀ ਆਗਿਆ, ਉਪਦੇਸ਼ ਤੇ ਮਰਯਾਦਾ ਸਭ ਦਸਣ ਦੀ ਜ਼ਰੂਰਤ ਸੀ। ਬਾਦ ਵਿਚ ਗੁਰੂ ਅਮਰਦਾਸ ਜੀ ਨੇ ਸਿਖ ਸੰਗਤਾਂ ਨੂੰ ਵਿਸਾਖੀ ਮਾਘੀ ਅਤੇ ਦਿਵਾਲੀ ਤਿੰਨ ਪੁਰਵਾਂ ਦੇ ਮੌਕੇ ਉਤੇ ਗੋਇੰਦਵਾਲ ਬੁਲਾਉਣਾ ਸ਼ੁਰੂ ਕੀਤਾ। ਇਨ੍ਹਾਂ ਤਿੰਨਾਂ ਪੁਰਵਾਂ ਉਤੇ ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਲਈ ਆਉਂਦੀਆਂ।[16]

ਗੁਰੂ ਅਮਰਦਾਸ ਜੀ ਨੇ ਸਾਰੇ ਸਿਖ ਜਗਤ ਨੂੰ ਇਕ ਨਿਯਮ ਬਧ ਲੜੀ ਵਿਚ ਪਰੋਣ ਲਈ ਇਕ ਮਰਯਾਦਾ ਕਾਇਮ ਕਰਨ ਲਈ 22 ਨਵੇਂ ਕੇਂਦਰ ਸਥਾਪਤ ਕੀਤੇ ਇਨ੍ਹਾਂ ਕੇਂਦਰਾਂ ਉਤੇ 22 ਜੀਵਨ ਵਾਲੇ ਸਿੱਖ ਮੁਖੀ ਥਾਪੇ ਗਏ।

ਡਾ. ਹਰੀ ਰਾਮ ਗੁਪਤਾ ਅਤੇ ਡਾ. ਫੌਜਾ ਸਿੰਘ ਦਾ ਕਹਿਣਾ ਹੈ ਕਿ ਮੰਜੀਆਂ ਉਚ ਪਵਿਤਰ ਜੀਵਨ ਵਾਲੇ ਸਿੱਖਾਂ ਤੇ ਬੀਬੀਆਂ ਨੂੰ ਬਖਸ਼ੀਆਂ ਜਾਂਦੀਆਂ ਸਨ। ਮੰਜੀ (ਪ੍ਰਚਾਰ ਕੇਂਦਰ) ਘਰ ਵਿਚ ਹੋ ਸਕਦੀ ਸੀ। ਪਿੰਡ ਵਿਚ ਅਤੇ ਕਿਸੇ ਹੋਰ ਥਾਂਵੇ ਸਥਾਨ ਉਤੇ ਵੀ ਹੋ ਸਕਦੀ ਸੀ।[17]

ਇਨ੍ਹਾਂ ਮੰਜੀਦਾਰਾਂ ਦਾ ਕਰਤਵ ਸੰਗਤ ਦੀ ਸਥਾਪਨਾ, ਕਥਾ ਕੀਰਤਨ ਲੰਗਰ ਤੇ ਹੋਰ ਗੁਰੂ ਘਰ ਦੀ ਮਰਯਾਦਾ ਨੂੰ ਕਾਇਮ ਰਖਣਾ ਸੀ । ਗੁਰੂ ਦੇ ਨਾਂ ਉਤੇ ਆਈ ਚੜ੍ਹਤ ਕਾਰ ਭੇਟਾ ਜਾਂ ਦਰਸ਼ਨ ਭੇਟਾ ਨੂੰ ਇਕੱਤਰ ਕਰਕੇ ਦੀਵਾਲੀ ਅਤੇ ਵਿਸਾਖੀ ਉਤੇ ਗੁਰੂ ਘਰ ਪਹੁੰਚਾਉਣਾ ਹੁੰਦਾ ਸੀ ।[18]

ਡਾ. ਛਾਬੜਾ ਨੇ ਗੁਰੂ ਘਰ ਲਈ ਆਈ ਇਸ ਕਾਰ ਭੇਟਾ ਨੂੰ ਭਾਵ ਮਾਇਆ ਨੂੰ ਰੈਵੀਨਿਓ ਆਖਿਆ ਹੈ । ਮੰਜੀਦਾਰਾਂ ਨੂੰ ਰੈਵੀਨਿਓ ਇੱਕਠਾ ਕਰਨ ਵਾਲੀਆਂ ਏਜੰਸੀਆਂ ਆਖਿਆ ਹੈ ।[19] ਇਹ ਕਾਰ ਭੇਟਾ ਅਸਲ ਇਸ ਖੁਸ਼ੀ ਨਾਮੇ ਗੁਰੂ ਘਰ ਲਈ ਦਿਤੀ ਹੋਈ ਮਾਇਆ ਸੀ । ਅਸੀਂ ਇਸਦੀ ਵਿਸਥਾਰ ਸਹਿਤ ਵਿਆਖਿਆ ਮਸੰਦ ਪ੍ਰੰਪਰਾ ਵਿਚ ਕਰਾਂਗੇ । ਇਥੇ ਤਾਂ ਇਤਨਾ ਹੀ ਕਹਿਣਾ ਠੀਕ ਹੈ ਕਿ ਗੁਰੂ ਘਰ ਵਿਚ ਇਹ ਦਰਸ਼ਨ ਭੇਟ ਫਿਕਸ ਨਹੀਂ ਸੀ ਕਿ ਕਿਤਨੀ ਦੇਣੀ ਹੈ ਸਿੱਖ ਆਪਣੀ ਸਥਾਸ਼ਕਤ ਅਨੁਸਾਰ ਦਿੰਦੇ ਦੂਸਰਾ ਇਹ ਕੋਈ ਕਰ ਵਾਂਗ ਰੈਗੂਲਰ ਨਹੀਂ ਸੀ ।

ਜਦੋਂ ਵੀ ਸਿਖ ਦੇ ਸਕਣ ਉਦੋਂ ਹੀ ਪ੍ਰਵਾਨਤ ਹੁੰਦੀ ਸੀ । ਗੁਰੂ ਅਰਜਨ ਦੇਵ ਜੀ ਨੇ ਇਸਨੂੰ ਆਪਣੇ ਸਮੇਂ ਦਸਵੰਧ ਰੂਪ ਵਿਚ ਫਿਕਸ ਕੀਤਾ ਸੀ । ਪ੍ਰੰਤੂ ਇਹ ਕਰ ਜਾ ਟੈਕਸ ਨਹੀਂ ਸੀ । ਇਹ ਭੇਟਾ ਸੰਗਤ ਦੀ ਭਲਾਈ ਹਿਤ ਖਰਚ ਹੁੰਦੀ ਸੀ । ਜੈਸਾ ਕਿ ਲੰਗਰ ਤੇ ਹੋਰ ਕਾਰਜਾ ਲਈ ।

**(ੲ) ਮੰਜੀ-ਅਰਥ-ਵਿਆਖਿਆ, ਨਿਕਾਸ ਤੇ ਵਿਕਾਸ** :–ਮੰਜੀ ਦਾ ਸ਼ਾਬਦਕ ਅਰਥ ਹੈ ਚਾਰਪਾਈ ਜਾਂ ਬੈਠਣ ਵਾਲਾ ਮੰਜਾ[20] ਮੰਜੀ ਬਾਰੇ ਮਹਾਨ ਕੋਸ਼ ਦਾ ਕਰਤਾ ਲਿਖਦਾ ਹੈ ।

ਛੋਟਾ ਮੰਜਾ, ਗੁਰਦੁਆਰਾ ਦਾ ਉਹ ਥੜਾ (ਚਬੂਤਰਾ) ਜੋ ਗੁਰੂ ਸਾਹਿਬ ਦੇ ਬੈਠਣ ਦੀ ਥਾਂ ਸਨਮਾਨ ਵਾਸਤੇ ਬਣਾਇਆ ਹੈ, ਮਹੰਤ ਦੀ ਗੱਦੀ[21] ਮੰਜੀ ਦਾ ਅਰਥ ਗੁਰਮਤ ਵਿਚ ਉਨ੍ਹਾਂ ਸਾਧਾਰਨ ਅਰਥਾ ਵਿਚ ਨਹੀਂ ਲਿਆ ਜਾਂਦਾ ਗੁਰਮਤਿ ਵਿਚ ਮੰਜੀ ਤੋਂ ਭਾਵ ਉਹ ਥੜਾ ਜਾਂ ਉਚਾ ਸਥਾਨ ਜਿਸ ਉਤੇ ਗੁਰੂ ਜਾਂ ਗੁਰੂ ਦਾ ਪ੍ਰਤਿਨਿਧ ਬੈਠਦਾ ਹੈ ਭਾਵ ਗੁਰੂ ਜਾਂ ਗੁਰੂ ਦਾ ਪ੍ਰਤਿਨਿਧ ਹੀ ਇਸ ਪਵਿਤਰ ਸਥਾਨ ਉਤੇ ਬੈਠਣ ਦਾ ਅਧਿਕਾਰੀ ਹੈ । ਪ੍ਰਤਿਨਿਧ ਮੰਜੀ ਉਤੇ ਬੈਠ ਕੇ ਸੰਗਤਾਂ ਨੂੰ ਉਪਦੇਸ਼ ਕਰਦਾ ਸੀ । ਗੁਰੂ ਦਾ ਸਖਸ਼ੀ ਰੂਪ ਅਤੇ ਮੰਜੀ ਤੇ ਮਸੰਦ ਪ੍ਰਥਾ ਸਮਾਪਤ ਹੋਣ ਤੇ ਗੁਰਬਾਣੀ ਦੇ ਬ੍ਰਾਜਮਾਨ ਸਥਾਨ ਨੂੰ ਵੀ ਮੰਜੀ ਸਾਹਿਬ ਜਾ[22] ਥੜਾ ਸਾਹਿਬ ਦਾ ਨਾਮ ਦਿਤਾ ਗਿਆ । ਕਈ ਸਥਾਨਾਂ ਉਤੇ ਜਿਥੇ ਗੁਰੂ ਜੀ ਬੈਠ ਕੇ ਗਏ ਉਸਦਾ ਨਾਮ ਵੀ 'ਥੜਾ ਸਾਹਿਬ' ਪ੍ਰਚਲਤ ਹੋ ਗਿਆ ।

ਮੰਜੀ ਗੁਰੂ ਵਲੋਂ ਖੁਸ਼ ਹੋਣ ਉਪਰੰਤ ਸਿਖ ਨੂੰ ਬਖਸ਼ਿਸ਼ ਹੁੰਦੀ ਸੀ । ਗੁਰੂ ਸਾਹਿਬਾਨ ਦੇ ਸਮੇਂ ਮੰਜੀ ਜਾਂ ਮੰਜੀਦਾਰ ਸ਼ਬਦ ਪ੍ਰਚਾਰਕਾ ਲਈ ਵਰਤਿਆ ਜਾਂਦਾ ਸੀ ।[23]

ਡਾ. ਗੋਪਾਲ ਸਿੰਘ ਨੇ ਮੰਜੀ ਨੂੰ Seat of Spiritual Authority ਕਿਹਾ ਹੈ[24]

ਡਾ. ਜੀ. ਸੀ. ਨਾਰੰਗ ਨੇ ਇਸਨੂੰ 'ਪਰਗਣਾ ਦੀ ਗੱਦੀ' ਦਾ ਨਾਮ ਦਿਤਾ ਹੈ। ਜਿਸ ਉਤੇ ਗੁਰੂ ਦੇ ਪ੍ਰਤੀਨਿਧ ਬੈਠਦੇ ਸਨ। ਮੰਜੀ ਸ਼ਬਦ ਗੁਰਗੱਦੀ ਵਾਸਤੇ ਵੀ ਆਇਆ ਹੈ। ਭਾਈ ਗੁਰਦਾਸ ਨੇ ਗੁਰੂ ਬੰਸਾਵਲੀ ਦਾ ਜ਼ਿਕਰ ਕਰਦਿਆ ਲਿਖਿਆ ਹੈ ਕਿ ਜਦੋਂ ਦਾਤੂ ਤੇ ਦਾਸੂ ਨੂੰ ਗੁਰਗੱਦੀ ਨਹੀਂ ਮਿਲੀ ਤੇ ਉਹ ਗੁਰੂ ਘਰ ਦੇ ਵਿਰੋਧੀ ਹੋ ਗਏ। ਗੁਰੂ ਵਿਰੋਧੀ ਲੋਕਾਂ ਨੇ ਚੁੱਕ ਚੁਕਾ ਕੇ ਦਾਤੂ ਨੂੰ ਸਿਘਾਸਨ ਉਤੇ ਬਿਠਾਲ ਦਿੱਤਾ।

ਮੰਜੀ ਦਾਸ ਬਹਾਲਿਆ ਦਾਤੂ ਸਿਧਾਸਣ ਸਿੱਖ ਆਯਾ।[25]

ਇਸ ਤਰ੍ਹਾਂ ਗੁਰੂ ਹਰ ਗੋਬਿੰਦ ਪਾਤਸ਼ਾਹ ਲਈ ਮੰਜੀ ਸ਼ਬਦ ਗੁਰਗੱਦੀ ਦਾ ਪ੍ਰਤੀਕ ਹੈ।

ਮੰਜੀ ਬਹਿ ਸੰਤੋਖ ਦਾ ਕੁਤੇ ਰਖਿ ਸ਼ਿਕਾਰ ਖਿਲਾਇਆ।[26]

ਅਜ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਥਾਨ ਮੰਜੀ ਸਾਹਿਬ, ਥੜਾ ਸਾਹਿਬ ਕਹਾਉਂਦਾ ਹੈ। ਮੰਜੀ ਉਚ ਤੇ ਪਵਿਤਰ ਸਥਾਨ ਹੈ। ਮਹਾਨ ਕੋਸ਼ ਅਨੁਸਾਰ ਮੰਜੀ ਸਿੱਖ ਪ੍ਰਚਾਰਕਾਂ ਦੀ ਗੱਦੀ ਹੈ। ਗੁਰੂ ਅਮਰਦਾਸ ਸਾਹਿਬ ਨੇ ਆਪਣੇ ਸਿਖਾਂ ਵਿਚੋਂ 22 ਉਤਮ ਪ੍ਰਚਾਰਕ ਚੁਣਕੇ ਉਨਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖਸ਼ੀਆਂ[27] ਡਾ. ਹਰੀ ਰਾਮ ਨੇ ਮੰਜੀ ਨੂੰ ਪਰਗਣਾ ਵੰਡ ਅਤੇ **ਮਿਸ਼ਨਰੀ ਆਰਡਰ** ਕਿਹਾ ਹੈ।[28] ਇਹ ਗੱਦੀ ਗੁਰੂ ਦੇ ਬਰਾਬਰ ਨਹੀਂ ਸੀਂ ਉਸਦੇ ਅਧੀਨ ਹੁੰਦੀ ਸੀ। ਮੰਜੀਦਾਰ ਗੁਰੂ ਵਲੋਂ ਥਾਪੇ ਜਾਂਦੇ ਸਨ। ਗੁਰੂ ਦੇ ਅਧੀਨ ਹੁੰਦੇ ਸਨ। ਗੁਰੂ ਦੇ ਪ੍ਰਤਿਨਿਧ ਹੁੰਦੇ ਸਨ। ਮੰਜੀ ਗੁਰੂ ਵਲੋਂ ਬਖਸ਼ੀ ਇਕ ਜਿਮੇਵਾਰੀ ਹੁੰਦੀ ਸੀ। ਮੰਜੀਦਾਰ ਸਿਖ ਸ਼ਰਧਾਲੂਆਂ ਨੂੰ ਇੱਕਠਾ ਕਰਦਾ ਗੁਰੂ ਮਿਸ਼ਨ ਦਾ ਪ੍ਰਚਾਰ ਕਰਦਾ। ਕਦੇ ਕਦਾਈ ਇਲਾਕੇ ਵਿਚ ਫੇਰਾ ਲਾਉਂਦਾ, ਲੋਕਾਂ ਨੂੰ ਗੁਰਮਤ ਵਲ ਪ੍ਰੇਰਦਾ ਡਾ. ਫੌਜਾ ਸਿੰਘ ਲਿਖਦਾ ਹੈ ਮੰਜੀਦਾਰ ਨੂੰ ਚਰਨ ਪਾਹੁਲ ਦੇਣ ਦਾ ਵੀ ਹਕ ਸੀ।[29]

ਡਾ. ਫੌਜਾ ਸਿੰਘ ਫਿਰ ਲਿਖਦਾ ਹੈ ਕਿ ਮੰਜੀ ਗੁਰੂ ਵਲੋਂ ਸਿਖ ਨੂੰ ਬਿਖਸ਼ਿਆ ਜਾਣ ਵਾਲਾ ਸਭ ਤੋਂ ਵੱਡਾ ਸਨਮਾਨ ਸੀ। ਪਰ ਮੰਜੀਆਂ ਪਦਵੀ ਕੋਈ ਸੁਤੰਤਰ ਨਹੀਂ ਸੀ[30] ਇਹ ਮੰਜੀਆਂ ਪਹਿਲਾ ਪਹਿਲ ਤਾਂ ਸਿੱਖ ਸੰਗਤਾਂ ਦੇ ਜੁੜਨ ਦੀ ਭਾਵ ਇੱਕਠੇ ਬੈਠ ਕੇ ਗੁਰੂ ਜਸ ਸੁਣਨ ਤੇ ਸਿਮਰਨ ਦੀ ਜਗਾ ਸੀ ਪ੍ਰੰਤੂ ਬਾਅਦ ਵਿਚ ਇਹ ਸਭ ਸਥਾਨ ਗੁਰਦੁਆਰਿਆ ਦਾ ਰੂਪ ਧਾਰਨ ਕਰ ਗਏ। ਅੱਜ ਵੀ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਇਸ ਸੰਗਤਾਂ ਦੇ ਸਥਾਨ ਉਤੇ ਉਸਰੇ ਹੋਏ ਹਨ[31]

ਪੁਰਾਤਨ ਜਨਮ ਸਾਖੀ ਜੋ ਇੰਡੀਆ ਆਫਿਸ ਲਾਇਬਰੇਰੀ, ਵਿਚ ਪਈ ਹੈ ਦੇ ਵਰਣਨ ਅਨੁਸਾਰ ਗੁਰੂ ਨਾਨਕ ਸਮੇਂ ਤੋਂ ਹੀ ਸੰਗਤਾਂ (ਸਿੱਖੀ ਕੇਂਦਰ) ਸਾਰੇ ਭਾਰਤ ਅਤੇ ਇਸਤੋਂ ਬਾਹਰ ਸਥਾਪਤ ਹੋ ਚੁੱਕੇ ਸਨ।[32] ਇਨ੍ਹਾਂ ਸੰਗਤਾਂ ਵਿਚੋਂ ਭਾਈ ਲਾਲੋ ਉਤਰ, ਸ਼ੇਖ ਸਜਣ ਦੱਖਣ, ਗੋਪਾਲ ਦਾਸ ਬਨਾਰਸ ਵਿਚ, ਝੰਡਾ ਬਾਡੀ ਬੁਸ਼ਹਿਰਾ ਵਿਚ ਬੁਧਨ ਸ਼ਾਹ ਕੀਰਤਪੁਰ ਵਿਖੇ, ਮਾਹੀ ਮਹੀਸ਼ਰ ਵਿਖੇ ਕਲਜੁਗ, ਜਗਨ ਨਾਥ, ਪੁਰੀ, ਦੇਵਲੂਤ ਲੁਸਾਹੀ (ਤਿਬਤ)

ਸਾਲਸ ਰਾਏ ਜੌਹਰੀ ਪਟਨਾ, ਰਾਜਾ ਸ਼ਿਵਨਾਭ ਲੰਕਾ ਵਿਖੇ, ਭਾਰਤ ਤੋਂ ਬਾਹਰ ਵੀ ਸੰਗਤਾਂ ਕਾਇਮ ਕੀਤੀਆਂ ਇਸਤੋਂ ਦਿਸਦਾ ਹੈ ਕਿ ਗੁਰੂ ਨਾਨਕ ਨੇ ਆਪਣੇ ਮੰਜੀਦਾਰ ਥਾਪੇ ਜਿਥੇ ਸੰਗਤਾਂ ਕਾਇਮ ਹੋ ਜਾਂਦੀਆ ਸਨ।[33]

ਗੁਰੂ ਅੰਗਦ ਨੇ ਬਹੁਤ ਦੂਰ ਤੱਕ ਪ੍ਰਚਾਰ ਨਹੀਂ ਕੀਤਾ। ਗੁਰੂ ਨਾਨਕ ਦੁਆਰਾ ਸਥਾਪਤ ਸੰਗਤਾਂ ਜੋ ਪੰਜਾਬ ਤੋਂ ਬਾਹਰ ਸਨ ਨਾਲ ਸੰਪਰਕ ਰਖਣਾ ਜ਼ਰੂਰੀ ਸੀ। ਇਨ੍ਹਾਂ ਨੂੰ ਆਰਗੇਨਾਇਜ਼ ਕਰਨ ਦੀ ਲੋੜ ਸੀ।[34]

## (ਸ) ਮੰਜੀਆਂ ਦਾ ਮਨੋਰਥ

ਮੰਜੀਆਂ ਦੀ ਸਥਾਪਨਾ ਦਾ ਮਨੋਰਥ ਧਾਰਮਕ ਸੀ। ਗੁਰੂ ਨਾਨਕ ਦੁਆਰਾ ਸਥਾਪਤ 'ਨਿਰਮਲ ਪੱਥ' ਦੀ ਮਰਯਾਦਾ ਕਾਇਮ ਕਰਨਾ ਸੀ। ਲੋਕਾਂ ਨੂੰ ਇਕ ਆਦਰਸ਼ਕ ਮਨੁੱਖ ਬਣਨ ਦੀ ਪ੍ਰੇਰਨਾ ਦੇਣਾ ਸੀ। ਇਸ ਵਿਚ ਜਾਤੀ ਭਿੰਨ ਭੇਦ ਨਹੀਂ ਸੀ। 'ਆਈ ਪੰਥੀ ਸਗਲ ਜਮਾਤੀ' ਸੀ।

ਕੋਈ ਵੈਰੀ ਨਹੀਂ ਸੀ ਕੋਈ ਬੇਗਾਨਾ ਨਹੀਂ ਸੀ। ਨਾਮ ਦਾਨ ਇਸ਼ਨਾਨ ਦ੍ਰਿੜ ਕਰਾਉਣਾ ਸੀ। ਪਿਸ਼ਾਵਰ ਤੋਂ ਦਿਲੀ ਤੇ ਢਾਕੇ ਤਕ ਸਿਖੀ ਫੈਲ ਚੁਕੀ ਸੀ। ਇਤਨੇ ਲੰਬੇ ਖੇਤਰ ਦਾ ਗੁਰੂ ਘਰ ਲਈ ਦਾਨ ਇੱਕਠਾ ਕਰਨਾ ਮੁਸ਼ਕਲ ਸੀ। ਇਹ ਪੈਸਾ ਗੁਰੂ ਗੋਲਕ ਤਕ ਪਹੁੰਚਾਉਣਾ ਵੀ ਜ਼ਰੂਰੀ ਸੀ।

ਇਤਿਹਾਸਕ ਪਰਿਪੇਖ ਵਿਚ ਦੇਖੀਏ ਤਾਂ ਦੋਨੋਂ ਖਿਆਲਾਂ ਦੀ ਪੁਸ਼ਟੀ ਹੁੰਦੀ ਹੈ। ਇਤਿਹਾਸਕਾਰਾਂ ਦਾ ਇਕ ਧੜਾ ਮੰਜੀਆਂ ਦੀ ਸਥਾਪਨਾਂ ਨੂੰ ਨਿਰੋਲ ਧਾਰਮਕ ਮਿਸ਼ਨ ਦੇ ਪ੍ਰਚਾਰ ਕੇਂਦਰ ਲਿਖਦਾ ਹੈ ਦੂਸਰਾ ਧੜਾ ਇਨ੍ਹਾਂ ਨੂੰ ਮਿਸ਼ਨ ਦੇ ਨਾਲ ਰਾਜਨੀਤਕ ਰੰਗਣ ਦਿੰਦਾ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਐਥਨ ਨੇ ਮੈਰੇਕੋ ਦੀ ਪੁਸਤਕ, ਟਰਾਂਸਫਾਰਮੇਸ਼ਨ ਆਫ ਸਿਖ ਸੁਸਾਇਟੀ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ ਕਿ ਮੰਜੀਆਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਪਰਚਾਰ ਲਈ ਥਾਪੀਆਂ ਗਈਆਂ ਸਨ।[35] ਮੰਜੀਦਾਰ ਇਕ ਪਾਸੇ ਤਾਂ ਗੁਰੂ ਕੇਂਦਰ (ਗੋਇੰਦਵਾਲ) ਨਾਲ ਜੁੜੇ ਹੋਏ ਸਨ ਦੂਸਰੇ ਪਾਸੇ ਸੰਗਤ ਨਾਲ, ਉਹ ਸੰਗਤ ਦੀਆਂ ਧਾਰਮਕ ਅਤੇ ਸਮਾਜਕ ਲੋੜਾਂ ਦੀ ਪੂਰਤੀ ਕਰਦੇ। ਇਹ ਮੰਜੀਦਾਰ ਕਦੀ ਕਦਾਈ ਇਲਾਕੇ ਦੀਆਂ ਸੰਗਤਾਂ ਨੂੰ ਲੈ ਕੇ ਗੁਰੂ ਦਰਸ਼ਨ ਭੇਟ ਦੀ ਰੀਤ **ਤਾਂ ਭਾਵੇਂ** ਗੁਰੂ ਨਾਨਕ ਤੋਂ ਹੀ ਸ਼ੁਰੂ ਹੋ ਗਈ ਸੀ ਪ੍ਰੰਤੂ ਪੱਕੇ ਤੌਰ ਫਿਕਸ ਨਹੀਂ ਕੀਤੀ ਗਈ ਸੀ।

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਗੁਰੂ ਨਾਨਕ ਦੇ ਨਾਮ ਧਨ ਦਾ ਖਜ਼ਾਨਾ ਤੇ ਨਾਮ ਧਨ ਦਾ ਵਾਪਾਰ ਦੀ ਮਿਸਾਲ ਦੇ ਕੇ ਲਿਖਦਾ ਹੈ ਕਿ ਕੋਈ ਧਨੀ ਵਪਾਰੀ ਦਾ ਵਾਪਾਰ ਵਧ ਜਾਂਦਾ ਹੈ ਤਾਂ ਉਹ ਥਾਂ ਥਾਂ ਕੋਠੀਆਂ ਬਣਾ ਕੇ ਗੁਮਾਸ਼ਤੇ ਨਿਯਤ ਕਰਦਾ

ਹੈ ਤਿਵੇਂ ਹੀ ਗੁਰੂ ਅਮਰਦਾਸ ਜੀ ਨੇ ਕੀਤਾ । ਗੁਰੂ ਨਾਨਕ ਦਾ ਨਾਮ ਦਾ ਖਜਾਨਾ ਵੰਡਣ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ।

ਜੈਸੇ ਕੋਊ ਧਨੀ ਘਨੀ ਕੋਠੀਆਂ ਰਚਾਇ ਨਿਜ
ਬਨਜ ਬਦਾਵਤਿ ਗੁਮਾਸ਼ਤੇ ਬਿਠਾਇਕੈ ॥
ਤੈਸੇ ਗੁਰਿ ਧਰਮ ਧੁਰੀਣ ਕੀਨ ਚੀਨ ਚਿਤ
ਦੀਨ ਹਰਿ ਭਗਤਿ ਮੈਂ ਜਗਤ ਲਗਾਇਕੈ ॥ 53[36]

'ਤਵਾਰੀਖ ਗੁਰੂ ਖਾਲਸਾ' ਵਿਚ ਵੀ ਮੰਜੀਆਂ ਦੀ ਸਥਾਪਨਾ ਦਾ ਮਨੋਰਥ ਨਿਰੋਲ ਧਾਰਮਕ ਦਰਸਾਇਆ ਹੈ । ਲਿਖਾਰੀ ਲਿਖਦਾ ਹੈ ਕਿ ਜਿਹੜੇ ਅਜਮਤਾ ਦੇ ਖਜ਼ਾਨੇ ਨੂੰ ਗੁਰੂ ਅਮਰਦਾਸ ਜੀ ਨੇ 22 ਮੰਜੀਆ ਕਾਇਮ ਕਰਕੇ ਲੋਕਾਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਸਤੇ 22 ਸਦਾ ਬ੍ਰਤ ਲੰਗਰ ਲਗਾ ਦਿੱਤੇ ।[37]

ਸਿਖ ਜਗਤ ਦੇ ਇਤਨੇ ਬੜੇ ਪਸਾਰੇ ਲਈ ਕੋਈ ਜਥੇਬੰਦੀ, ਕੋਈ ਮਰਯਾਦਾ ਹੋਣੀ ਜ਼ਰੂਰੀ ਸੀ । ਇਹ ਮਰਯਾਦਾ, ਮੰਜੀਆਂ ਦੀ ਸੰਥਾਪਨਾ ਨੇ ਕਾਇਮ ਕੀਤੀ ਹੋਈ ਸੀ । ਇਸ ਲਈ ਮੰਜੀ ਸਿਸਟਮ ਦੀ ਸਥਾਪਨਾ ਸਮੇਂ ਦੀ ਮੰਗ ਸੀ ।[38] ਜੀ. ਸੀ. ਨਾਰੰਗ ਇਨ੍ਹਾਂ ਮੰਜੀਆਂ ਦੇ ਪ੍ਰਭਾਵ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਇਨ੍ਹਾਂ ਮੰਜੀਆ ਨੇ ਸਿਖ ਧਰਮ ਦੀਆਂ ਨੀਹਾਂ ਬਹੁਤ ਪੱਕੀਆਂ ਕਰ ਦਿੱਤੀਆਂ ।

ਪੰਥ ਪ੍ਰਕਾਸ਼ ਦੇ ਕਰਤਾ ਨੇ ਇਨ੍ਹਾਂ 22 ਮੰਜੀਆਂ ਨੂੰ ਅਕਬਰ ਦੇ 22 ਸੂਬਿਆ ਨਾਲ ਤੁਲਨਾਇਆ ਹੈ ।[40] ਇਸ ਸਟੇਟਮੈਂਟ ਦੀ ਪ੍ਰਮਾਣਕਤਾ ਅਸੀਂ ਅੱਗੇ ਜਾ ਕੇ ਵਿਚਾਰਾਂਗੇ । ਇਥੇ ਤਾਂ ਕੇਵਲ ਇਤਨਾ ਹੀ ਕਹਿਣਾ ਹੈ ਕਿ ਕੁਝ ਇਤਿਹਾਸਕਾਰਾਂ ਨੇ ਇਸ ਮੰਜੀ ਸਿਸਟਮ ਨੂੰ ਰਾਜਨੀਤਕ ਰੰਗਣ ਦੇਣ ਦਾ ਯਤਨ ਕੀਤਾ । ਇਸ ਰੰਗਣ ਦਾ ਮਤਲਬ ਇਤਨਾ ਹੀ ਸੀ ਕਿ ਦੁਨਿਆਵੀ ਬਾਦਸ਼ਾਹ ਦੇ ਮੁਕਾਬਲੇ ਵਿਚ ਸਚੇ ਪਾਤਸ਼ਾਹ (ਗੁਰੂ) ਵੀ ਆਪਣੇ ਸਿਖ ਜਗਤ ਦੀ ਵੰਡ ਕਰਦੇ ਹਨ ਤੇ ਹਲੇਮੀ ਰਾਜ ਨੂੰ ਚਲਾਉਣ ਲਈ ਇਸਨੂੰ ਪਰਗਣਿਆ ਵਿਚ ਵੰਡਦੇ ਹਨ । 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਮੰਜੀਦਾਰਾਂ ਨੂੰ ਦਿਲੀ ਰਾਜ ਦੀ ਉਮਰਾਵਾਂ ਨਾਲ ਤੁਲਨਾ ਦਿੱਤੀ ਹੈ ।[41]

ਮਹਿਮਾ ਪ੍ਰਕਾਸ਼ ਦੇ ਕਥਨ ਅਨੁਸਾਰ ਸਿਖਾਂ ਨੇ ਗੁਰੂ ਅਮਰਦਾਸ ਜੀ ਨੂੰ ਕਿਹਾ ਬਾਦਸ਼ਾਹ ਅਕਬਰ ਵਾਂਗ 22 ਸੂਬੇ, 52 ਬਾਵਨੀਆਂ, ਅਤੇ 72 ਉਮਰਾਵ ਹੋਤੇ ਹੈਂ[42] ਤਾਂ ਇਸਦੇ ਮੁਕਾਬਲੇ ਵਿਚ 22 ਮੰਜੀਆਂ 52 ਪੀਹੜੇ ਅਤੇ 72 ਸਿਖ (ਉਮਰਾਵਾਂ) ਰਾਹੀਂ ਸਿੱਖੀ ਦ੍ਰਿੜ ਕਰਾਈ ।

ਗੁਰੂ ਅਮਰਦਾਸ ਜੀ ਸਮੇਂ ਮੰਜੀਆਂ ਦਾ ਮੁਖ ਮੰਤਵ ਗੁਰ ਮਿਸ਼ਨ ਦਾ ਪ੍ਰਚਾਰ, ਨਵੇਂ ਸਿਖ ਸਜਾਣੇ, ਸਥਾਪਤ ਕੇਂਦਰਾਂ ਦੀ ਦੇਖ-ਭਾਲ, ਲੰਗਰ ਵਿਵਸਥਾ ਆਦਿ ਇਕ ਤਰਫਾ ਜਿਆਦਾ ਸੀ ਭਾਵ ਸੰਗਤ ਵਲੋਂ ਦਾਨ ਭੇਟਾ ਇਕਠੀ ਜ਼ਰੂਰੀ ਨਹੀਂ ਸੀ ਕੇਵਲ ਮਿਸ਼ਨ ਦਾ ਪ੍ਰਚਾਰ ਹੀ ਮੁੱਖ ਸੀ ।

ਮੰਗੀਦਾਰਾਂ ਪਾਸ ਜਿਹੜੀ ਕਾਰਭੇਟਾ ਸੰਗਤ ਵਲੋਂ ਆਉਂਦੀ ਸੀ ਉਹ ਮੰਜੀ ਦੇ ਕਾਰਜ਼ਾ ਲਈ ਨਹੀਂ ਸੀ ਵਰਤੀ ਜਾਂਦੀ ਸਗੋਂ ਕੇਂਦਰ ਵਿਚੋ ਸਾਂਝੀ ਭਲਾਈ ਲਈ ਵਰਤੀ ਜਾਂਦੀ ਸੀ।[43]

ਨਿਹਾਰੰਜਨ ਦੇ ਸ਼ਬਦਾਂ ਵਿਚ ਮੰਜੀ ਸਿਸਟਮ ਨੇ ਸਿਖ ਲਹਿਰ ਨੂੰ ਮਜਬੂਤ ਹੀ ਨਹੀਂ ਕੀਤਾ ਸਗੋਂ ਵਖਰਾ ਤੇ ਸੁੰਤਤਰ ਅਸਤਿਤਵ ਕਾਇਮ ਕਰਨ ਵਿਚ ਸਹਾਇਤਾ ਕੀਤੀ। ਇਸ ਸਾਂਝੇ ਤੇ ਪਿਆਰੇ ਅਸਤਿਤਵ ਨੇ ਸਿੱਖ ਧਰਮ ਨੂੰ ਰੂੜੀਗਤ ਬੇਦੀਆਂ ਰਸਮਾਂ ਤੋਂ ਬਚਾ ਕੇ ਇਕ ਵਖਰਾ ਰੂਪ ਦੇਣ ਵਿਚ ਸਹਾਇਕ ਹੋਇਆ। ਅਗੇ ਜਾ ਕੇ ਫਿਰ ਲਿਖਦਾ ਹੈ ਕਿ ਦੂਰ ਦੂਰ ਤਕ ਫੈਲ ਚੁਕੀ ਸਿਖੀ, ਕੇਂਦਰ (ਗੋਇੰਦਵਾਲ) ਨਾਲ ਜੋੜ ਕੇ ਜਥੇਬੰਦ ਕਰਨ ਵਲ ਚੁਕਿਆ ਇਹ ਕਦਮ ਸਿਖ ਰਾਜਨੀਤਕ ਸ਼ਕਤੀ ਦਾ ਮੁਢ ਕਿਹਾ ਜਾ ਸਕਦਾ ਹੈ।[44]

(ਹ) ਮੰਜੀਆਂ ਦੀ ਗਿਣਤੀ ਤੇ ਸਥਾਪਨਾ ਦਾ ਸਮਾਂ

ਮੰਜੀਆਂ ਦੀ ਸਥਾਪਨਾ ਅਤੇ ਗਿਣਤੀ ਬਾਰੇ ਇਤਿਹਾਸਕਾਰਾਂ ਦੀਆਂ ਵਖ ਵਖ ਰਾਵਾਂ ਹਨ। ਕਨਈਆਂ ਲਾਲ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖੀ ਘੇਰੇ ਨੂੰ 22 ਮੰਜੀਆਂ (ਕੇਂਦਰਾਂ) ਵਿਚ ਵੰਡਿਆ।[45] ਮੰਜੀਆਂ ਦੀ ਸਥਾਪਨਾ ਕਦੋਂ ਹੋਈ। ਸੰਨ ਸੰਮਤ ਬਾਰੇ ਲਗਭਗ ਸਾਰੇ ਹੀ ਲਿਖਾਰੀ ਚੁਪ ਹਨ। ਇਤਿਹਾਸ ਵਾਚਣ ਤੋਂ ਉਪਰੰਤ ਕਈ ਬਾਰੀ ਇਸ ਤਰ੍ਹਾਂ ਲਗਦੀ ਹੈ ਕਿ ਮੰਜੀਆਂ ਦੀ ਸਥਾਪਨਾ ਇਕੋ ਸਮੇਂ ਨਹੀਂ ਹੋਈ। ਸਮੇਂ ਸਮੇਂ ਸਿਰ ਸਰਧਾਵਾਨ ਸਿਖਾਂ ਦੀ ਪਰਖ ਤੋਂ ਬਾਦ ਉਨ੍ਹਾਂ ਦਾ ਸਿਦਕ ਦੇਖ ਕੇ ਉਨ੍ਹਾਂ ਨੂੰ ਮੰਜੀਆਂ ਦੀ ਬਖਸ਼ਿਸ਼ ਹੁੰਦੀ ਰਹੀ। ਇਸ ਪੱਖ ਵਿਚ ਅਜੇ ਹੋਰ ਖੋਜ ਦੀ ਲੋੜ ਹੈ।

ਵੱਖ-ਵੱਖ ਰਾਵਾਂ ਦੇ ਬਾਵਜੂਦ ਬਹੁਤ ਸਾਰੇ ਲਿਖਾਰੀ ਇਸ ਗਲ ਨਾਲ ਸਹਿਮਤ ਹਨ ਕਿ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੇ ਨਿਰਮਾਣ ਉਪਰੰਤ 22 ਉਤਮ ਸੇਵਕਾਂ ਨੂੰ ਇਨਾਮ ਵਜੋਂ ਮੰਜੀਆਂ ਬਖਸ਼ੀਆਂ।

ਬਾਈ ਮੰਜੀ ਬਖਸ ਪ੍ਰਭੂ ਰਾਮਦਾਸ ਗੁਰਦੀਨ
ਬਿਆਸ ਗੰਗਾ ਤਟਿ ਤਪ ਕੀਆ ਅਮਰ ਅਮਰਪਦੁ ਲੀਨ ॥[46]

ਤਵਾਰੀਖ ਗੁਰੂ ਖਾਲਸਾ ਅਨੁਸਾਰ ਬਉਲੀ ਬਨਾਉਣ ਦਾ ਕੰਮ 1552 ਈ. ਨੂੰ ਆਰੰਭ ਕਰਕੇ 1558 ਨੂੰ ਅਸਥਾਪਣ ਹੋਇਆ। ਪ੍ਰਿੰ: ਸਤਿਬੀਰ ਸਿੰਘ ਦੇ ਕਥਨ ਅਨੁਸਾਰ ਪਹਿਲੀ ਮੰਜੀ ਭਾਈ ਮਾਣਕ ਚੰਦ ਜੀਵੜੇ ਨੂੰ 1558 ਈ. ਬਖਸ਼ੀ ਸੀ ਅਤੇ 16 ਸਾਲਾਂ ਵਿਚ ਇਨ੍ਹਾਂ ਦੇ ਜ਼ਿੰਮੇਦਾਰ ਬਦਲਦੇ ਚਲਦੇ ਰਹੇ।[47]

ਭਾਈ ਸੰਤੋਖ ਸਿੰਘ ਤੇ ਕੁਝ ਹੋਰ ਲਿਖਾਰੀਆਂ ਨੇ 22 ਮੰਜੀਆਂ ਨੂੰ ਸਮਕਾਲੀ ਮੁਗਲ ਰਾਜ ਦੇ ਤਖਤ ਦੇ ਉਮਰਾਵਾਂ (ਸ਼ਾਹੀ ਅਮੀਰਾਂ) ਨਾਲ ਤੁਲਨਾ ਕੀਤੀ ਹੈ। ਇਨ੍ਹਾਂ ਲਿਖਾਰੀਆਂ ਨੇ ਸਾਹੀ ਅਮੀਰਾਂ ਵਾਂਗ ਮੰਜੀਦਾਰਾਂ ਦੇ ਕਈ ਪੱਖਾਂ ਨੂੰ ਮੇਲਿਆ ਹੈ ਜਿਵੇਂ ਸਾਹੀ ਅਮੀਰਾਂ ਵਾਂਗ ਮੰਜੀਦਾਰਾਂ ਨੂੰ ਸਾਰੇ ਸੁੱਖ ਪ੍ਰਾਪਤ ਸਨ ਕਈ ਸੇਵਕ ਇਨ੍ਹਾਂ ਦੀ ਖਿਦਮਤ ਵਿਚ ਰਹਿੰਦੇ ਮੰਜੀਦਾਰ ਵੀ ਸ਼ਾਹੀ ਅਮੀਰਾਂ ਵਾਂਗ ਆਪਣੇ ਇਲਾਕੇ ਵਿਚ ਗੁਰੂ ਦੇ ਪ੍ਰਤਿਨਿਧ ਹੋਣ

ਦੇ ਨਾਤੇ ਸਤਿਕਾਰੇ ਜਾਂਦੇ ਸਨ।[48] ਇਹ ਮੇਲ ਕੋਈ ਠੋਸ ਤੇ ਵਿਸ਼ੇਸ਼ ਤੁਲਨਾ ਨਹੀਂ ਹੈ। ਮੰਜੀਦਾਰਾਂ ਦੀ ਸਥਾਪਨਾ ਦਾ ਮਤਵ ਸ਼ਾਹੀ ਅਮੀਰਾਂ ਨਾਲੋਂ ਬਿਲਕੁਲ ਵਖਰਾ ਤੇ ਕਾਰਜ ਵਿਧੀ ਵੀ ਵਖਰੀ ਸੀ। ਮੰਜੀਦਾਰਾਂ ਦਾ ਮੰਤਵ ਨਿਰੋਲ ਧਾਰਮਿਕ ਪ੍ਰਚਾਰ ਸੀ ਅਤੇ ਸੰਗਤਾਂ ਵਿਚ ਗੁਰੂ ਦੁਆਰਾ ਦਰਸਾਈ ਦੀ ਰਹਿਤ ਮਰਿਯਾਦਾ ਕਾਇਮ ਕਰਨੀ ਸੀ। ਜਦ ਕਿ ਸ਼ਾਹੀ ਅਮੀਰਾਂ ਦਾ ਮੰਤਵ ਬਿਲਕੁਲ ਵਖਰਾ ਤੇ ਰਾਜਨੀਤਕ ਸੀ। ਇਹ ਤੁਲਨਾ ਕੇਵਲ ਸਮਕਾਲੀ ਸਰਕਾਰ ਦੀ ਬਰਾਬਰਤਾ ਦਰਸਾਉਣ ਵਾਲੀ ਭਾਵਨਾ ਨੂੰ ਮੁਖ ਰਖ ਕੇ ਕੀਤੀ ਲਗਦੀ ਹੈ।

ਦੂਸਰਾ ਮਿਲਾਨ ਅਕਬਰ ਦੇ ਸਮਕਾਲੀ ਰਾਜ ਦੇ ਕਥਿਤ 22 ਸੂਬਿਆਂ ਨਾਲ 22 ਮੰਜੀਆਂ ਦਾ ਮੇਲ ਵਰਣਨ ਕੀਤਾ ਹੈ। ਇਸਦਾ ਜ਼ਿਕਰ 'ਮਹਿਮਾ ਪ੍ਰਕਾਸ਼' ਅਤੇ 'ਸੂਰਜ ਪ੍ਰਕਾਸ਼' ਵਿਚ ਅਗੇ ਹੋਰ ਲਿਖਾਰੀਆਂ ਕੀਤਾ ਹੈ ਇਤਿਹਾਸਕ ਪਿਛੋਕੜ ਵਿਚ ਜਾਈਏ ਤਾਂ ਇਹ ਪੂਰਾ ਨਹੀਂ ਉਤਰਦਾ ਇਸ ਮਿਲਾਨ ਦਾ ਮੰਤਵ ਨਿਰੋਲ ਇਹੀ ਸਿਧ ਕਰਨਾ ਹੋ ਸਕਦਾ ਹੈ ਕਿ ਸਚੇ ਪਾਤਸ਼ਾਹ ਦੀ 22 ਮੰਜੀਆਂ ਦੀਆਂ ਪਰਗਣਾ ਵੰਡ ਮੁਗਲ ਰਾਜ ਦੇ ਸੂਬਿਆ ਦੇ ਬਰਾਬਰ ਸੀ। ਗੁਰੂ ਘਰ ਦੇ ਪ੍ਰੇਮੀਆਂ ਨੂੰ ਸਰਕਾਰੀ ਅਫਸਰਾਂ, ਸੂਬੇਦਾਰਾਂ ਵਾਂਗ ਉਚਾ ਦਿਖਾਉਣ ਹਿਤ ਐਸਾ ਕੀਤਾ ਗਿਆ ਹੈ।

ਮੈਕਾਲਿਫ ਨੇ ਇਸ ਤੱਥ ਨੂੰ ਹੇਠ ਲਿਖੇ ਅਨੁਸਾਰ ਵਰਣਨ ਕੀਤਾ।

As the Emperor Akbar administered his empire by the agency of governors of provinces, so Guru Amar Das similarly partitioned the Sikh spiritual empose into twenty-two districts.[49]

ਇਤਹਾਸਕਾਰਾਂ ਦੇ ਕਥਨ ਅਨੁਸਾਰ ਮੁਗਲ ਰਾਜ ਦੇ ਸੂਬਿਆ ਦੀ ਗਿਣਤੀ ਕਦੀ ਵੀ 22 ਨਹੀਂ ਹੋਈ। ਅਕਬਰ ਦੇ ਸੂਬਿਆ ਦੀ ਗਿਣਤੀ 16 ਦੱਸੀ ਹੈ। ਪੀ. ਸਰਨ ਨੇ ਇਨ੍ਹਾਂ ਗਿਣਤੀ 15 ਦੱਸੀ ਹੈ।[50] ਡਾ. ਫੌਜਾ ਸਿੰਘ ਨੇ ਵੀ ਇਸ ਗਲ ਦੀ ਪੁਸ਼ਟੀ ਕੀਤੀ ਹੈ।[51] ਵੀ.ਡੀ. ਮਹਾਜਨ ਅਨੁਸਾਰ ਜਹਾਂਗੀਰ ਦੇ ਵੇਲੇ ਮੁਗਲ ਰਾਜ ਸੂਬਿਆਂ ਦੀ ਗਿਣਤੀ ਕੇਵਲ 19 ਤਕ ਸੀ ਅਤੇ ਔਰੰਗਜੇਬ ਦੇ ਸਮੇਂ ਬੀਜਾਪੁਰ ਅਤੇ ਗੋਲ ਕੰਡਾ ਦੀਆਂ ਰਿਆਸਤਾਂ ਨੂੰ ਮਿਲਾ ਕੇ 21 ਬਣਦੀ ਹੈ।[52]

ਡਾ. ਗੰਡਾ ਸਿੰਘ ਇਸ ਮਿਲਾਨ ਨੂੰ ਹੋਰ ਤਰ੍ਹਾਂ ਵਰਣਨ ਕਰਦੇ ਹੋਏ ਲਿਖਦਾ ਹੈ ਕਿ ਅਕਬਰ ਨੇ ਆਪਣੇ ਰਾਜ ਨੂੰ ਸੂਬਿਆ ਵਿਚ ਵੰਡਣ ਦਾ ਕੰਮ 1580 ਈ. ਤੋਂ ਮਗਰੋਂ ਸ਼ੁਰੂ ਕੀਤਾ। ਬਉਲੀ ਦਾ ਨਿਰਮਾਣ (ਅਸਥਾਪਣ) 1558 ਈ. ਵਿਚ ਹੋਇਆ ਇਹ ਤਾਂ ਹੋ ਸਕਦਾ ਕਿ ਮੰਜੀਆਂ ਦੀ ਸਥਾਪਨਾ ਵੇਲੇ ਮੁਗਲ ਰਾਜ ਦੇ ਪ੍ਰਬੰਧ ਤੋਂ ਥੋੜ੍ਹੀ ਬਹੁਤੀ ਪ੍ਰੇਰਨਾ ਲਈ ਹੋਵੇ।([53])

ਮੰਜੀਆਂ ਦੀ ਗਿਣਤੀ ਬਾਰੇ ਵੀ ਇਤਿਹਾਸ ਕਾਰਾਂ ਵਿਚ ਮਤਭੇਦ ਹੈ ਉਸਦਾ ਕਾਰਨ ਇਹੀ ਹੋ ਸਕਦਾ ਹੈ। ਇਕ ਮੰਜੀਦਾਰ ਦੀ ਮੌਤ ਉਪਰੰਤ ਦੂਸਰਾ ਨਾਮ, ਨਵੀਂ ਮੰਜੀ ਸਥਾਪਨਾ ਪੁਰਾਣੀ ਮੰਜੀ ਦਾ ਖਤਮ ਹੋਣਾ ਵੀ ਹੋ ਸਕਦਾ ਹੈ। ਜੋ ਇਤਿਹਾਸ ਤੋਂ ਪਤਾ ਲਗਦਾ ਹੈ। ਨਵੀਂ ਮੰਜੀ ਸਥਾਪਨ ਨਾਲ ਸਥਾਨ ਵੀ ਬਦਲ ਜਾਂਦਾ ਹੈ।

ਪਹਿਲੀ ਮੰਜੀ 1558 ਈ. ਵਿਚ ਮਾਣਕ ਚੰਦ ਜੀਵੜੇ ਨੂੰ ਬਖਸ਼ਿਸ਼ ਹੋਈ 16 ਸਾਲਾਂ ਵਿਚ ਇਨ੍ਹਾਂ ਦੇ ਜ਼ਿੰਮੇਵਾਰ ਬਦਲਦੇ ਰਹੇ। ਇਤਿਹਾਸ਼ਕਾਰਾਂ ਨੇ ਤਿੰਨ ਸਰੋਤ ਲਏ ਹਨ।

1. ਗੋਇੰਦਵਾਲ ਗੁਰਦੁਆਰੇ ਵਿਚ ਲਗਾ ਪੱਤਰਾ ਦੇ ਨਾਮ,
2. ਸ੍ਰੀ ਗੁਰੂ ਬੰਸ ਬਿਨੋਦ।
3. ਮਹਾਨ ਕੋਸ਼।

ਸਰੂਪ ਦਾਸ ਭਲਾ ਦੀ ਰਚਨਾ ਮਹਿਮਾ ਪ੍ਰਕਾਸ਼ ਦਾ ਜਿਕਰ ਮਦਨਜੀਤ ਕੌਰ ਨੇ ਕੀਤਾ ਹੈ ਜਿਸ ਵਿਚ ਮੰਜੀਆਂ ਦੇ ਅਹੁਦੇਦਾਰਾਂ ਦੇ ਨਾਵਾਂ ਦਾ ਜ਼ਿਕਰ ਤਾਂ ਹੈ ਪ੍ਰੰਤੂ ਅਧਿਕਾਰਾਂ ਦਾ ਜ਼ਿਕਰ ਨਹੀਂ।[64] ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦੀ 16 ਵੀ ਪਉੜੀ ਵਿਚ ਗੁਰੂ ਅਮਰ ਦਾਸ ਜੀ ਦੇ ਪ੍ਰਸਿਧ ਸਿਖਾਂ ਦਾ ਜਿਕਰ ਹੈ। ਜਿਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਸਿਖੀ ਕਿਤਨੀ ਦੂਰ ਤਕ ਫੈਲ ਚੁੱਕੀ ਸੀ। ਇਸ ਵਿਚ ਭਲੇ ਵਾਲੀ ਸੰਗਤ ਦੇ ਨਾਮ ਮਸ਼ਹੂਰ ਹਨ। ਇਨ੍ਹਾਂ ਸਿਖਾਂ ਉਤੇ ਗੁਰੂ ਦੀ ਬਖਸ਼ਿਸ ਹੋਈ ਪ੍ਰੰਤੂ ਇਨ੍ਹਾਂ ਨਾਵਾਂ ਵਿਚੋਂ ਦੋ ਤਿੰਨ ਨਾਵ ਹੀ 22 ਮੰਜੀਆਂ ਦੇ ਨਾਵਾਂ ਵਿਚੋਂ ਮਿਲਦੇ ਹਨ।[65]

ਨਾਵਾਂ ਤੇ ਥਾਵਾਂ ਦਾ ਮਤਭੇਦ ਦਾ ਇਹੀ ਕਾਰਨ ਹੋ ਸਕਦਾ ਹੈ ਕਿ ਕੁਝ ਮੰਜੀਦਾਰਾਂ ਦੇ ਮਰਨ ਉਪਰੰਤ ਨਵੇਂ ਥਾਪੇ ਗਏ ਮੰਜੀਦਾਰਾਂ ਦੀ ਸਥਾਪਨਾ ਨਾਲ ਸਥਾਨ ਵੀ ਬਦਲ ਜਾਂਦਾ ਹੋਵੇ। ਕਈ ਵਾਰੀ ਪਹਿਲੀ ਸਥਾਪਤ ਮੰਜੀ ਦੀ ਸਮਾਪਤੀ ਉਪਰੰਤ ਨਵੀਆਂ ਹੋਰ ਮੰਜੀਆਂ ਦੇ ਸਥਾਪਨ ਨਾਲ ਗਿਣਤੀ ਵਿਚ ਵਾਧਾ ਘਾਟਾ ਹੋਣਾ ਕੁਦਰਤੀ ਗਲ ਹੈ। ਇਥੇ ਅਸੀਂ ਗੋਇੰਦਵਾਲ ਗੁਰਦੁਆਰੇ ਵਿਚ ਪਤਰੇ, ਗਣੇਸ਼ਾ ਸਿੰਘ ਦੀ ਰਚਨਾ ਸ੍ਰੀ ਗੁਰੂ ਬੰਸ ਬਿਨੋਦ ਅਤੇ ਮਹਾਨ ਕੋਸ਼ ਦਾ ਇਕ ਤੁਲਨਾਤਮਕ ਚਾਰਟ ਦੇਣਾ ਜਰੂਰੀ ਸਮਝਦੇ ਹਾਂ।

| | ਗੋਇੰਦਵਾਲ ਗੁਰਦੁਆਰੇ ਦੇ ਲੱਗੇ ਕਥਸ਼ ਪਤਰੇ ਉਤੇ | ਗਣੇਸ਼ਾ ਸਿੰਘ ਸ੍ਰੀ ਗੁਰੂ ਬੰਸ ਬਿਨੋਦ-ਪੰ. 50-52 | ਭਾਈ ਕਾਨ ਸਿੰਘ ਮਹਾਨ ਕੋਸ਼ |
|---|---|---|---|
| 1. | ਪਾਰੋ ਜੁਲਕਾ ਛੱਲਾ | ਧਾਰੋ | ਧਾਰੋ (ਛੱਲਾ) |
| 2. | ਭਾਦਾ ਲਾਲੂ | ਅਲਿਯਾਰ | ਅੱਲਯਾਰ |
| 3. | ਨਿਸੱਚ (ਲਾਹੌਰ) | ਸੱਚਨ ਸੱਚ | ਸੱਚਨ ਸਚ |
| 4. | ਸਧਾਰਨ ਲੁਹਾਰ (ਬਕਾਲਾ) | ਸਧਾਰਨ ਲੁਹਾਰ | ਸੁਧਾਰਨ (ਗੋਇੰਦਵਾਲ) |
| 5. | ਸਾਵਣ ਮਲ (ਵੈਰੋਵਾਲ) | ਸਾਵਣ (ਮੱਲ) | ਸਾਵਣ ਮਲ ,, |
| 6. | ਜੀਤ ਬੰਗਾਲੀ | | ਸਖਣ (ਧਮਿਆਲ ਰਾਵਲ ਪਿੰਡੀ) |
| 7. | ਅੰਧਾਲ (ਜੰਡਿਆਲਾ) | ਹੰਦਾਲ | ਹੰਦਾਲ (ਜੰਡਿਆਲਾ) |
| 8. | ਭਾਈ ਫਿਰਿਆ ਅਤੇ ਕਟਾਰਾ | ਭਾਈ ਕੇਦਾਰਾ | ਕੇਦਾਰਾ (ਵਟਾਲਾ) |
| 9. | ਖੇੜਾ ਸੰਣਿਣੀ (ਖੇਮ ਕਰਨ) | ਖੇੜਾ | ਖੇੜਾ (ਖੇਮਕਰਨ ਲਾਹੌਰ) |
| 10. | ਗੰਗੂ ਖਤਰੀ (ਘੱਘੋ ਪਿੰਡ) | ਗੰਗਸ਼ਾਹ | ਗੰਗਸ਼ਾਹ (ਗੜ੍ਹਸ਼ੰਕਰ) |
| 11. | ਮਲ ਜੀ ਸੇਵਾ (ਹਿਤਕਾਰੀ) | ਦਰਬਾਰੀ | ਦਰਬਾਰੀ (ਮਜੀਠਾ) |
| 12. | ਭਾਈ ਸਾਈ ਦਾਸ ਗੁਸਾਂਈ | ਫੇਰਾ | ਫੇਰਾ (ਮੀਰਪੁਰ ਜੰਮੂ) |
| 13. | ਦਿਤੇ ਕੇ ਭਲੇ | ਬੂਹਾ | ਬੂਆ (ਹਰਗੋਬਿੰਦਪੁਰ) |
| 14. | ਮਾਈ ਸੇਵਾ | ਬੈਨੀ ਪੰਡਿਤ | ਬੇਣੀ (ਲਾਹੌਰ) |
| 15. | ਮਹੇਸ਼ਾ ਧੀਰ (ਸੁਲਤਾਨਪੁਰ) | ਮਹੇਸਾ | ਮਹੇਸ਼ਾ (ਸੁਲਤਾਨਪੁਰ) |
| 16. | ਮਾਈਦਾਸ ਜੀਵੜਾ (ਵੈਰੋਵਾਲ) | ਮਾਈ ਦਾਸ | ਮਾਈ ਦਾਸ (ਮਾਝਾ) |
| 17. | ਮਾਣਕ ਦਾਸ (ਜੀਵੜਾ) | ਮਾਣਕ ਚੰਦ ਜੀਵੜਾ | ਮਾਣਕ ਚੰਦ (ਵੈਰੋਵਾਲ) |
| 18. | ਮਥੋ ਮੁਰਾਰੀ | ਮਥੋ | ਮਰਾਰੀ (ਲਾਹੌਰ) |
| 19. | ਦੁਰਗੋ ਪੰਡਤ | ਰਾਜਾ ਰਾਮ | ਰਾਜਾ ਰਾਮ (") |
| 20. | ਭਾਈ ਗੰਗੂ ਸ਼ਾਹ | ਗੰਗਸਾਹ | ਗੰਗਸਾਹ (ਜਲੰਧਰ) |
| 21. | ਬੀਬੀ ਭਾਗੋ | ਰੰਗਦਾਸ | ਰੰਗਦਾਸ |
| 22. | ਭਾਈ ਬਲੂ | ਭਾਈ ਲਾਲੋ | ਲਾਲੋ ਭਾਈ (ਛੱਲਾ) |

ਨੋਟ :—ਇਹ ਨਾਮ ਮਹਾਨ ਕੋਸ਼ ਅਤੇ ਬੰਸ ਬਿਨੋਦ ਦੀ ਲਿਸਟਾਂ ਨਾਲ ਨਹੀਂ ਮਿਲਦੇ।

ਉਪਰੋਕਤ ਚਾਰਟ ਦੇ ਮਿਲਾਨ ਤੋਂ ਉਪਰੰਤ ਅੱਠ ਨਾਂ ਐਸੇ ਹਨ ਜਿਹੜੇ ਇਕ ਦੂਸਰੇ ਨਾਲ ਨਹੀਂ ਮਿਲਦੇ।

ਅਲਾਯਾਰ ਦਾ ਨਾਂ ਮਹਾਨ ਕੋਸ਼ ਅਤੇ ਸ੍ਰੀ ਗੁਰੂ ਬੰਸ ਬਿਨੋਦ ਨੇ ਦਿੱਤਾ ਹੈ ਪ੍ਰੰਤੂ ਗੋਇੰਦਵਾਲ ਵਾਲੇ ਪਤਰੇ ਉਤੇ ਨਹੀਂ ਹੈ ਇਸ ਤੋਂ ਭਾਵ ਹੈ ਇਹ ਮੰਜੀ ਬਾਦ ਵਿਚ ਥਾਪੀ ਗਈ ਸੁਖਣ ਦਾ ਨਾਂ ਮਹਾਨ ਕੋਸ਼ ਨੇ ਦਿੱਤਾ ਹੈ ਬਾਕੀ ਦੋ ਸੋਤਾ ਨੇ ਨਹੀਂ ਦਿੱਤਾ ਇਸ ਤਰ੍ਹਾਂ ਹੋਰ ਬਹੁਤ ਸਾਰੇ ਨਾਂ ਹਨ ਜੋ ਚਾਰਟ ਸਪਸ਼ਟ ਹਨ। ਬੰਸ ਬਿਨੋਦ ਵਿਚ ਇਕ ਥਾਂ ਤੇਈਦੇ ਤਾਪ ਦਾ ਜਿਕਰ ਆਉਂਦਾ ਹੈ। ਕਈ ਥਾਂਈ ਨਾਵਾਂ ਤੇ ਥਾਵਾਂ ਦੇ ਸਪੈਲਿੰਗ ਭਿੰਨ 2 ਹਨ। ਕਈ ਨਾਮ ਅਧੂਰੇ ਹਨ। ਉਸ ਵਕਤ ਅੱਧਾ ਨਾਮ ਪੁਕਾਰਨ ਦਾ ਵੀ ਰਿਵਾਜ ਸੀ। ਗੁਰੂ ਜੀ ਆਪਣੇ ਪਿਆਰੇ, ਸਰਧਾਵਾਨ ਅਤੇ ਭਰੋਸੇ ਯੋਗ ਸਿਖਾਂ ਨੂੰ ਇਸ ਤਰ੍ਹਾਂ ਦੀ ਜ਼ਿੰਮੇਵਾਰੀ ਦਾ ਕੰਮ ਸੌਂਪਦੇ ਸਨ।

ਜੇਕਰ ਤਿੰਨੇ ਸ੍ਰੋਤਾਂ ਦੇ ਨਾਮਾਂ ਦਾ ਜੋੜ ਕਰੀਏ ਤਾਂ ਮੰਜੀਆਂ ਦੀ ਗਿਣਤੀ 22 ਦੀ ਥਾਂ 27 ਬਣਦੀ ਹੈ। ਇਸ ਤੋਂ ਭਾਵ ਕੁਝ ਮੰਜੀਦਾਰਾਂ ਦੀ ਮੌਤ ਹੋਣ ਉਪਰੰਤ ਨਵੇਂ ਮੰਜੀਦਾਰਾਂ ਦੀ ਸਥਾਪਨਾ ਅਤੇ ਥਾਵਾਂ ਦੀ ਬਦਲੀ ਹੋਣ ਕਾਰਨ ਗਿਣਤੀ ਵਿਚ ਫਰਕ ਪੈਣਾ ਕੁਦਰਤੀ ਹੈ। ਡਾ. ਬਲਵੀਰ ਸਿੰਘ ਦਿਲ ਲਿਖਦਾ ਹੈ।

ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਗੁਰੂ ਅਮਰਦਾਸ ਜੀ ਦੇ ਅੰਤਲੇ ਸਮੇਂ[56] ਦਿਨਾਂ ਮੰਜੀਆਂ ਦੀ ਗਿਣਤੀ ਵਧ ਕੇ 30 ਹੋ ਗਈ ਸੀ। ਸਤਿਬੀਰ ਸਿੰਘ ਗੋਇੰਦਵਾਲ ਦੇ ਪਤਰੇ ਨੂੰ ਅਧਾਰ ਮੰਨੇ ਕੇ ਜੀਤ ਸੰਗਾਲੀ, ਦਿਤੇ ਕੇ ਭਲੇ, ਬੀਬੀ ਭਾਗੋ ਭਾਈ ਲਾਲੂ, ਭਾਈ ਫਿਰਿਆ, ਹਿਤਕਾਰੀ, ਭਾਈ ਸਵੀ ਦਾਸ, ਭਾਈ ਸੇਵਾ, ਦੁਰਗਾ ਪੰਡਤ, ਭਾਈ ਗੰਗੂ ਸ਼ਾਹ ਅਤੇ ਭਾਈ ਲਾਲੂ[57] ਆਦਿ ਨਾਮ ਵੀ ਮੰਜੀਦਾਰਾਂ ਵਿਚ ਦਿੱਤੇ ਹਨ।

## 2. ਮੰਜੀਆਂ ਦੀ ਸਥਾਪਨਾ ਦਾ ਪ੍ਰਭਾਵ

ਪਹਿਲਾ ਜਿਕਰ ਕੀਤਾ ਗਿਆ ਹੈ ਕਿ ਮੰਜੀਆਂ ਦੀ ਸਥਾਪਨਾ ਦਾ ਮੰਤਵ ਨਿਰੋਲ ਧਾਰਮਕ ਸੀ ਭਾਵੇ ਕੁਝ ਇਤਿਹਾਸਕਾਰਾਂ ਨੇ ਇਨ੍ਹਾਂ ਦੇ ਅਸਲ ਮਨੋਰਥ ਨੂੰ ਨਾ ਸਮਝ ਕੇ ਇਨ੍ਹਾਂ ਨੂੰ ਰਾਜਨੀਤਕ ਰੰਗਣ ਦਿੱਤੀ ਹੈ। ਕੁਝ ਕੇਂਦਰਾਂ ਦੀ ਸਥਪਨਾ ਤਾਂ ਗੁਰੂ ਨਾਨਕ ਦੀਆਂ ਉਦਾਸੀਆਂ ਨਾਲ ਹੀ ਸੰਗਤਾਂ (ਪ੍ਰਚਾਰ ਕੇਂਦਰਾਂ) ਦੇ ਰੂਪ ਵਿਚ ਹੋ ਗਈ ਸੀ। ਗੁਰੂ ਅਮਰਦਾਸ ਪਾਤਸਾਹ ਦੇ ਸਮੇਂ ਇਹ ਹਿਸਟਰੀ ਗੁਰੂ ਵਲੋਂ ਇਕ ਮਰਯਾਦਾ ਵਿਚ ਪ੍ਰੋਇਆ ਉਥੇ ਮੰਜੀਆਂ ਦੇ ਆਪਸੀ ਤਾਲ ਮੇਲ ਨੇ ਸਿਖ ਜਥੇਬੰਦੀ ਨੂੰ ਮਜ਼ਬੂਤੀ ਦਿੱਤੀ।

ਪਹਿਲਾਂ ਧਰਮ ਦਾ ਪ੍ਰਚਾਰ ਕੇਂਦਰ ਕੇਵਲ ਗੁਰੂ ਦਾ ਨਿਵਾਸ ਸਥਾਨ ਹੀ ਹੋਇਆ ਕਰਦਾ ਸੀ ਮੰਜੀਆਂ ਦੀ ਸਥਾਪਨਾ ਨਾਲ ਇਹ ਸਿਖੀ ਜਗਤ ਵਿਚ ਪੂਰੀ ਤਰ੍ਹਾਂ ਫੈਲ ਗਿਆ ਸੀ। ਇਨ੍ਹਾਂ ਮੰਜੀਆਂ ਨੇ ਸਿਖ ਧਰਮ ਨੂੰ ਦੂਰ ਦੁਰਾਡੇ ਤਕ ਫੈਲਾਣ ਦਾ ਸਫਲ ਯਤਨ ਕੀਤਾ।[58] ਡਾ. ਗੋਪਾਲ ਸਿੰਘ ਲਿਖਦਾ ਹੈ ਕਿ ਇਨ੍ਹਾਂ ਮੰਜੀਆਂ ਦੀ ਸਥਾਪਨਾ ਨਾਲ ਗੁਰੂ

ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਹੀ ਨਹੀਂ ਫੈਲਿਆ ਸਗੋਂ ਸਿਖ ਸੇਵਕਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ । ਇਸ ਲਹਿਰ ਨੇ ਸਿਖ ਸੰਸਥਾ (ਗੁਰਦੁਆਰੇ) ਨੂੰ ਇਕ ਨਿਯਮ ਬਧ ਪ੍ਰਬੰਧ ਵਿਚ ਪ੍ਰੋਇਆ ਅਤੇ ਲੋਕਾਂ ਵਿਚ ਇਕ ਨਵੀਂ ਜਾਗ੍ਰਤੀ ਪੈਦਾ ਕੀਤੀ । ਇਸ ਨਾਲ ਗੁਰੂ ਦਾ ਖਜਾਨਾ (ਗੋਲਕ) ਜੋ ਲੋਕ ਭਲਾਈ ਲਈ ਖਰਚੀ ਜਾਂਦੀ ਸੀ, ਵਿਚ ਵੀ ਵਾਧਾ ਹੋਇਆ ।[50]

ਇਨ੍ਹਾਂ ਮੰਜੀਆਂ ਦੀ ਜਥੇਬੰਦੀ ਅਤੇ ਕਾਮਯਾਬੀ ਦੇ ਪਿਛੇ ਗੁਰੂ ਅਮਰਦਾਸ ਜੀ ਦੀ ਪਵਿਤਰ ਸਖਸ਼ੀਅਤ ਦਾ ਹੱਥ ਸੀ । ਇਸ ਨਾਲ ਸਿਖ ਕੇਂਦਰ ਮਜ਼ਬੂਤ ਹੁੰਦਾ ਗਿਆ ਸਿਖ ਸੰਗਤਾਂ ਦੀ ਗਿਣਤੀ ਦਿਨ ਬਦਿਨ ਵਧਦੀ ਗਈ । ਮੰਜੀਆਂ ਦੀ ਸਥਪਾਨਾ ਨਾਲ ਲੋਕਾਂ ਨੂੰ ਵਾਧੂ ਕਰਮ ਕਾਂਡਾ ਦੇ ਭਾਰ ਤੋਂ ਮੁਕਤੀ, ਮਾਨਸਿਕ ਸ਼ਾਂਤੀ ਅਤੇ ਇਕ ਆਦਰਸ਼ ਮਨੁੱਖ ਵਾਲੀ ਜਿੰਦਗੀ ਜਿਉਣ ਦਾ ਮੌਕਾ ਮਿਲਿਆ ।

(ਖ) **ਪੀਹੜੇ ਪੀਹੜੀਆਂ :-**

ਮੰਜੀਆਂ ਦੀ ਤਰ੍ਹਾਂ ਸਿਖ ਧਰਮ ਪ੍ਰਚਾਰ ਨੂੰ ਹੋਰ ਮਜ਼ਬੂਤ ਕਰਨ ਤੇ ਫੈਲਾਉਣ ਲਈ ਪੀਹੜੇ ਤੇ ਪੀਹੜੀਆਂ ਵੀ ਸਥਾਪਤ ਕੀਤੀਆਂ ਗਈਆਂ ਇਨ੍ਹਾਂ ਪੀਹੜੀਆਂ ਦੀ ਬਖਸ਼ਿਸ਼ ਵੀ ਮੰਜੀਆਂ ਵਾਂਗ ਹੁੰਦੀ ਸੀ ।

ਪੀਹੜਾ ਜਾ ਪੀਹੜੀ ਪੰਜਾਬੀ ਸਭਿਆਚਾਰ ਵਿਚ ਖਾਸ ਸਥਾਨ ਰਖਦਾ ਹੈ । ਪੀਹੜੀ ਉਪਰ ਬੈਠਣਾ ਜਾਂ ਬੈਠਾਣਾ ਸਤਿਕਾਰ ਦੇਣ ਵਾਲੀ ਗਲ ਹੈ । ਗੁਰੂ ਵਲੋਂ ਬਖਸ਼ੀ ਪੀਹੜੀ ਤਾਂ ਹੋਰ ਵੀ ਮਹੱਤਵਪੂਰਨ ਹੁੰਦੀ ਸੀ । ਪੀਹੜੀਆਂ ਦੀ ਬਖਸ਼ਿਸ਼ ਵਿਚ ਬੀਬੀਆਂ ਨੂੰ ਅਗੇ ਲਿਆਉਣਾ ਗੁਰੂ ਜੀ ਵਲੋਂ ਇਕ ਅਗਾਹਵਧੂ ਕਦਮ ਸੀ । ਉਸ ਵਕਤ ਸਮਾਜ ਵਿਚ ਇਸਤਰੀ ਨੂੰ ਨਾ ਤਾਂ ਇਤਨੀ ਜ਼ਿੰਮੇਵਾਰੀ ਤੇ ਖੁਲ ਸੀ ਅਤੇ ਨਾ ਹੀ ਸਨਮਾਨ । ਗੁਰੂ ਜੀ ਨੇ ਇਹ ਕਦਮ ਪੁਟ ਕੇ ਸਿਖ ਧਰਮ ਵਿਚ ਇਕ ਨਵਾਂ ਵਾਧਾ ਕੀਤਾ ।

ਪੀਹੜੀਆਂ ਦੇ ਪ੍ਰਚਾਰਕ ਭਾਵੇਂ ਛੋਟੇ ਪੱਧਰ ਉਤੇ ਸਨ ਪ੍ਰੰਤੂ ਇਨ੍ਹਾਂ ਦੀ ਜ਼ਿੰਮੇਵਾਰੀ ਮੰਜੀਦਾਰਾ ਜਿਤਨੀ ਹੀ ਸੀ । ਸਮਾਜ ਦੀ ਮੁਢਲੀ ਇਕਾਈ ਨੂੰ ਸਿਖ ਧਰਮ ਪ੍ਰਤਿ ਪ੍ਰੇਰਤ ਕਰਨਾ ਕਰਮ ਕਾਂਡੀ ਤੇ ਵਹਿਮਾ ਭਰੇ ਵਾਤਾਵਰਣਨ ਵਿਚ ਇਕ ਵੱਡੀ ਗੱਲ ਸੀ । ਪੀਹੜੀਆਂ ਦੇ ਪ੍ਰਚਾਰਕਾਂ ਨੇ ਛੋਟੀ ਪੱਧਰ ਉਤੇ ਕਥਾ, ਕੀਤਰਨ ਸਿਖ ਇਤਿਹਾਸ ਪ੍ਰਤਿ ਜਾਣਕਾਰੀ, ਸਿਖੀ ਰਹਿਤ ਮਰਿਯਾਦਾ ਦੀ ਜਾਣਕਾਰੀ ਤੇ ਜੀਵਨ ਵਿਚ ਅਪਨਾਉਣਾ, ਘਰ ਪ੍ਰਤਿ ਦਾਨ ਦੇਣ ਆਦਿ ਕਾਰਜਾਂ ਨੂੰ ਸਫਲ ਤਰੀਕੇ ਨਾਲ ਨਿਪਟਾਉਣਾ ਸੀ । ਇਹ ਸਭ ਕੰਮ ਬੜੀ ਮਿਹਨਤ ਤੇ ਲਗਨ ਵਾਲਾ ਸੀ । ਇਸ ਵਿਚ ਜ਼ਿਆਦਾ ਯੋਗਦਾਨ ਬੀਬੀਆਂ ਦਾ ਹੁੰਦਾ ਸੀ । ਬੀਬੀਆਂ ਆਪਣੇ ਜਿਹੜੇ ਮੁਹੱਲੇ ਦੀਆਂ ਬੀਬੀਆਂ ਨੂੰ ਇਕੱਠੀਆਂ ਕਰਦੀਆਂ ਤੇ ਗੁਰਮਤਿ ਦਾ ਪ੍ਰਚਾਰ ਕਰਦੀਆਂ ਸਨ ।

ਡਾ. ਜੀ.ਸੀ. ਨਾਰੰਗ ਲਿਖਦਾ ਹੈ ਕਿ ਇਨ੍ਹਾਂ ਪੀਹੜੇ ਤੇ ਪੀਹੜੀਆਂ ਦੀ ਸਥਾਪਨਾ ਨੇ ਸਾਰੇ ਦੇਸ਼ ਵਿਚ ਸਿਖੀ ਮਹਲ ਦੀਆਂ ਨੀਹਾਂ ਨੂੰ ਬਹੁਤ ਮਜਬੂਤ ਕਰ ਦਿੱਤਾ। ਮੁਗਲ ਰਾਜ ਦੇ ਮੁਕਾਬਲੇ ਵਿਚ ਇਕ ਅਜਿਹੀ ਜਥੇਬੰਦੀ ਨੂੰ ਲਿਆ ਖੜਾ ਕੀਤਾ ਜਿਸਨੇ ਆਉਣ ਵਾਲੀਆਂ ਸਦੀਆਂ ਵਿਚ ਪੰਜਾਬ ਅਤੇ ਸਮੁੱਚੇ ਦੇਸ਼ ਦੀ ਰਾਜਨੀਤੀ ਵਿਚ ਇਕ ਅਹਿਮ ਰੋਲ ਅਦਾ ਕੀਤਾ।[60] ਡਾ. ਛਾਬੜਾ ਨੇ ਵੀ ਇਸ ਖਿਆਲ ਦੀ ਪੁਸ਼ਟੀ ਕੀਤੀ ਹੈ।[61]

ਈ.ਸੀ. ਬੈਨਰਜੀ ਜੀ ਨੇ ਗੁਰੂ ਅਮਰਦਾਸ ਵਲੋਂ ਅਪਨਾਏ ਗਏ ਇਨ੍ਹਾਂ ਕਾਰਜਾਂ ਨੂੰ ਧਰਮ ਦੇ ਵਿਕਾਸ ਵਿਚ ਇਕ ਮਹਤੱਵਪੂਰਨ ਪੜਾ ਦਾ ਨਾਮ ਦਿੱਤਾ।[62] ਡਾ. ਗੋਬਿੰਦ ਸਿੰਘ ਮਨਸੁਖਾਨੀ ਨੇ ਇਨ੍ਹਾਂ ਪ੍ਰਚਾਰਕਾਂ ਤੋਂ ਇਲਾਵਾ ਹੋਰ ਪ੍ਰਚਾਰਕਾਂ ਦਾ ਵੀ ਜਿਕਰ ਕੀਤਾ ਹੈ ਜਿਹੜੇ ਕੇਂਦਰ ਵਲੋਂ ਮੰਜੀਦਾਰਾਂ ਅਤੇ ਪੀਹੜੀਦਾਰਾਂ ਦੇ ਖੇਤਰਾਂ ਵਿਚ ਜਾਂਦੇ ਅਤੇ ਪ੍ਰਚਾਰ ਕਰਦੇ ਸਨ।[63] ਡਾ. ਜੋਧ ਸਿੰਘ ਨੇ ਇਨ੍ਹਾਂ ਨੂੰ 'ਟਰੈਵਲਿੰਗ ਮਿਸ਼ਨਰੀਆ' ਦਾ ਨਾਮ ਦਿੱਤਾ ਹੈ। ਫੌਜਾ ਸਿੰਘ ਲਿਖਦਾ ਹੈ। ਜਿਨਾਂ ਨੂੰ 'ਮੰਜੀ' ਦੀ ਬਖਸ਼ਿਸ਼ ਹੋਈ ਉਹ ਆਪਣੇ ਇਲਾਕੇ ਦੇ ਆਸ ਪਾਸ ਦੇ ਪਿੰਡਾਂ ਵਿਚ ਤੁਰ ਫਿਰ ਪਰਚਾਰ ਕਰਿਆ ' ਕਰਦੇ ਸਨ''[64]

ਪੀਹੜੀਆਂ ਦੀ ਗਿਣਤੀ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ। ਰਣਬੀਰ ਸਿੰਘ ਇਨ੍ਹਾਂ ਦੀ ਗਿਣਤੀ 52 ਲਿਖਦਾ ਹੈ।[65] ਕੁਝ ਵਿਦਵਾਨਾਂ ਨੇ ਇਹ ਗਿਣਤੀ 72 ਦਸੀ ਹੈ। ਡਾ. ਬਲਬੀਰ ਸਿੰਘ ਦਿਲ ਨੇ ਮੰਜੀਆਂ ਤੇ ਪੀਹੜੀਆਂ ਨੂੰ ਸਾਖੀਕਾਰਾਂ ਦੀ ਕਲਪਨਾ ਹੀ ਦਸਿਆ ਹੈ।[66] ਡਾ. ਫੌਜਾ ਸਿੰਘ ਲਿਖਦਾ ਹੈ-So long as there is no evidence to the Contrary, the long established tradition comm-nly accepted and generally supported by writers, oldand new, has to be recognised as valid. (Guru Amar Das life and teaching P. 118.)

ਭਾਈ ਸੰਤੋਖ ਸਿੰਘ[68] ਭਾਈ ਮੰਗਲ ਸਿੰਘ,[69] ਗਿਆਨੀ ਤਰਲੋਕ ਸਿੰਘ[70] ਨੇ ਇਨ੍ਹਾਂ ਪੀਹੜੀਆਂ ਦਾ ਜਿਕਰ ਕੀਤਾ ਹੈ। ਬੀਬੀਆਂ ਵਿਚੋਂ ਬੀਬੀ ਭਾਨੀ, ਬੀਬੀ ਦਾਨੀ, ਬੀਬੀ ਪਾਲ, ਮਾਈ ਸੇਵਾ, ਮਾਈ ਮਾਲਾ, ਬੀਬੀ ਭਾਰੋ ਦੇ ਨਾਮ ਪ੍ਰਸਿਧ ਹਨ।[71] ਬੀਬੀ ਭਾਨੀ ਅਤੇ ਬੀਬੀ ਦਾਨੀ ਗੋਇੰਦਵਾਲ ਵਿਖੇ ਬੀਬੀਆਂ ਦੀ ਅਗਵਾਈ ਕਰਦੀਆਂ ਸਨ।

ਪੀਹੜੀਆਂ ਦੀ ਸਥਾਪਨਾਂ ਵੀ ਮੰਜੀਆਂ ਵਾਂਗ ਪੰਜਾਬ ਤੋਂ ਬਾਹਰ ਦੂਰ ਦੁਰਾਡੇ ਤਕ ਸੀ। ਜਿਸ ਤਰ੍ਹਾਂ ਮਾਈ ਸੇਵਾ ਕਾਬਲ ਵਿਚ, ਮਾਈ ਮਾਲਾ, ਕਸੂਰ ਵਿਚ **ਬੀਬੀ** ਭਾਗੀ ਕਸ਼ਮੀਰ ਵਿਖੇ ਆਦਿ ਆਦਿ ਸਿਖੀ ਪ੍ਰਚਾਰ ਲਈ ਨਿਜਤ ਸਨ। ਇਨ੍ਹਾਂ ਪੀਹੜੀਦਾਰਾ ਦਾ ਕੰਮ ਸਿਖੀ ਪ੍ਰਚਾਰ ਤੋਂ ਬਿਨਾਂ ਸਮਾਜਕ ਭਲਾਈ, ਧਾਰਮਕ ਸੋਧ, ਇਸਤਰੀ ਜਾਤੀ ਦੀ ਭਲਾਈ ਭਲਾਈ ਅਤੇ ਉਸਦੇ ਆਸਤਿਤਵ ਨੂੰ ਕਾਇਮ ਕਾਇਮ ਕਰਨਾ ਸੀ। ਪੀਹੜੀਆਂ ਦੀ ਲਿਸਟ ਜਾਣਕਾਰੀ ਹਿਤ ਦਿੱਤੀ ਜਾ ਰਹੀ ਹੈ।[72]

## ਪੀਹੜੀਆਂ ਦਾ ਵੇਰਵਾ

1. ਭਾਈ ਨਗੋਰੀ
2. ਰਾਮੂ ਮਹਿਤਾ
3. ਸੋਹਣ ਮਲ
4. ਅਮਰੂ
5. ਸੀਹਾ ਉਪਲ ਖਤਰੀ
6. ਸੁੰਦਰ
7. ਤਾਰੂ
8. ਭਿਲੋਵਾਲੀਆਂ
9. ਬੰਗਾ ਪਾਸ਼ੀ
10. ਉਸਮਾਨ ਵਾਲਾ
11. ਨੰਦ
12. ਸ਼ਰਧਾ ਰਾਮ ਖੁਰਾਨਾ
13. ਜ਼ਲਪੂ
14. ਸੁਦਨ
15. ਮਨਸ਼ਾ ਸੁਨਾਰ
16. ਤਾਰੂ ਪੋਪਟ
17. ਗਰੜੀਆ ਖੁੰਮਣ
18. ਝੰਡਾ
19. ਕ੍ਰਿਸ਼ਨਾ
20. ਪੂਰੋ
21. ਭਾਦੜ
22. ਮਲਿਆਰ ਛੀਬਾ
23. ਸਗਰੂ
24. ਭਾਦੜੂ
25. ਭਾਈ ਬੁਲਾ ਪਾਧਾਂ
26. ਰਜਨੀ ਕਲਾਲ
27. ਖਾਂਨਾ ਛੁਰਾਰ ਡਲੇ ਦਾ
28. ਗੁਰਮੁਖ
29. ਲੰਗੜਾ ਤਲਵੰਡੀ ਦਾ

37. ਤੁਲਸਾ ਭੱਲਾ
38. ਮਲਣ
39. ਉਗਰਸੈਨ
40. ਰਾਮੂ
41. ਸਾਧੂ ਰਬਾਬੀ
42. ਬਾਦੂ ਕਬਾਬੀ
43. ਕਲ ਚੰਦਰ ਖਤਰੀ
44. ਲਾਲੂ ਗੁਰਦਾਸਪੁਰ
45. ਸਰਦਾਰ ਖਾਂ ਲੁਹਾਰ
46. ਜਿਤਾ
47: ਕੇਸ਼ੋ ਗੋਪਾਲ ਪੰਡਤ
48. ਬੇਗਾ
49. ਬਿਸਨ ਦਾਸ
50. ਫਿਰਨਾ ਸਾਦੂ
51. ਊਦਾ
52. ਧਰਮਾ
53. ਬਾਬਾ ਚੂਹੜ
54. ਤਾਲ ਰੁਹਤਾਸ
55. ਜਗਣ
56. ਸੰਸਾਰ
57. ਛੱਜੂ ਭੱਲਾ
58. ਨਿਹਾਲਾ ਰੰਧਾਵਾ
59. ਫਿਰਣਾ ਬਹਿਲ
60. ਸੁਇਨੀ
61 .ਜਾਤੀ
62. ਪੈੜਾ
63. ਲਟਕਣ ਜੰਡਿਆਲੀਆ
64. ਸਮੁੰਦਾ
65. ਕਲਾ

30. ਦੀਪਾ
31. ਮਾਲੂ
32. ਸਾਹੀ
33. ਜਿਵੰਦਾ
34. ਜੱਗਾ ਬਾਣੀਆ
35. ਗੋਬਿੰਦ ਭੰਡਾਰੀ ਵਾਲਾ
36. ਪ੍ਰਿਥੀਮਲ ਭੱਲਾ

66. ਢੰਡੀਆ
67. ਝੰਡੀਆ
68. ਗੋਖੂ
69. ਭੂਲਾ
70. ਸੇਖਣ
71. ਚਤਰਦਾਸ
72. ਗੋਪੀ,

# ਮਸੰਦ ਪਰੰਪਰਾ

## ਜਾਣ ਪਛਾਣ

ਸਿਧਾਂਤਕ ਪੱਖ ਤੋਂ ਦੇਖੀਏ ਤਾਂ ਮਸੰਦ ਸਿਸਟਮ ਮੰਜੀ ਸਿਸਟਮ ਦਾ ਹੀ ਬਦਲਿਆ ਹੋਇਆ ਰੂਪ ਸੀ। ਡਾ. ਗੰਡਾ ਸਿੰਘ ਦਾ ਕਹਿਣਾ ਹੈ ਕਿ ਮਸੰਦ ਸ਼ਬਦ ਮੰਜੀ ਨਾਲ ਹੀ ਰਲਦਾ ਹੈ ਮਸੰਦ ਮੰਜੀਦਾਰਾਂ ਵਾਂਗ ਉਚੀ ਥਾਂ ਉਤੇ ਬੈਠਦੇ ਸਨ ਸੰਗਤ ਥਲੇ ਦਰੀ ਉਤੇ ਬੈਠਦੀ, ਮਸੰਦ ਸੰਗਤ ਨੂੰ ਗੁਰੂ ਦਾ ਉਦੇਸ਼ ਸੁਣਾਉਂਦੇ (1) ਮਸੰਦ ਗੁਰੂ ਵਲੋਂ ਥਾਪੇ ਹੋਏ ਗੁਰੂ ਦੇ ਪ੍ਰਤਿਨਿਧ ਹੁੰਦੇ ਸਨ, ਮਸੰਦ ਦਾ ਕਰਤਵ ਮੰਜੀਦਾਰਾਂ ਨਾਲੋਂ ਜ਼ਿਆਦਾ ਜ਼ਿਮੇਵਾਰੀ ਦਾ ਹੁੰਦਾ ਸੀ। ਇਹ ਜੀਵਨ ਵਾਲੇ ਸਿਖ ਹੁੰਦੇ ਸਨ। ਇਨ੍ਹਾਂ ਦੀ ਵਫਾਦਾਰੀ ਅਤੇ ਗੁਰੂ ਘਰ ਪ੍ਰਤਿ ਸ਼ਰਧਾ ਦੇਖ ਕੇ ਇਨ੍ਹਾਂ ਦੀ ਨਿਯੁਕਤੀ ਕੀਤੀ ਜਾਂਦੀ ਸੀ।

ਇੰਦੂ ਭੂਸ਼ਨ ਬੈਨਰ ਜੀ ਲਿਖਦਾ ਹੈ ਕਿ ਹੁਣ ਮੰਜੀ ਸਿਸਟਮ ਵਿਚ ਤਬਦੀਲੀ ਆ ਗਈ। ਇਹ (ਮਸੰਦ) ਕੇਵਲ ਧਾਰਮਿਕ ਉਪਦੇਸ਼ਕ ਨਹੀਂ ਸਨ ਰਹੇ। ਇਨ੍ਹਾਂ ਦੀ ਲੋਕਾਂ ਪਾਸੋਂ ਦਾਨ (ਦਸਵੰਧ) ਦੀ ਵੀ ਡਿਊਟੀ ਲਗਾਈ ਸੀ। (2) ਇਸ ਤੋਂ ਇਲਾਵਾ ਮਸੰਦ ਆਪਣੇ ਇਲਾਕੇ ਵਿਚ ਸਿਖੀ ਸਿਧਾਂਤਾਂ ਦਾ ਪ੍ਰਚਾਰ ਵੀ ਕਰਦੇ। ਸੰਗਤ ਨੂੰ ਸਿਖੀ ਨਿਯਮਾਂ ਤੋਂ ਜਾਣੂ ਕਰਾਉਂਦੇ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਉਤੇ ਜੋਰ ਦਿੰਦੇ। ਮਸੰਦ ਇਲਾਕੇ ਦੀਆਂ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਵੀ ਕਰਦੇ।

ਡਾ. ਜੀ.ਸੀ. ਨਾਰੰਗ ਦੇ ਕਥਨ ਅਨੁਸਾਰ ਮਸੰਦ ਪਹਿਲ ਪਹਿਲਾਂ ਪਵਿਤਰਤਾ ਵਫਾਦਾਰੀ, ਇਮਾਨਦਾਰੀ ਅਤੇ ਉਚ ਆਚਰਨ ਦੇ ਆਧਾਰ ਉਤੇ ਚੁਣੇ ਜਾਂਦੇ ਸਨ। ਇਹ ਪਹਿਲਾਂ ਪਹਿਲ ਆਨੇਰੇਰੀ ਹੁੰਦੇ ਸਨ।[3] ਉਸ ਸਮੇਂ ਇਕ ਸ਼ਬਦ 'ਸੰਗਤੀਆਂ' ਵੀ ਪ੍ਰਚਲਤ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਸਿਖਾਂ ਨੂੰ ਸੰਗਤੀਆਂ ਸ਼ਬਦ ਨਾਲ ਪੁਕਾਰਿਆ ਜਾਂਦਾ ਸੀ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਕਿ ਸੰਗਤੀਆਂ ਅਤੇ ਮਸੰਦ ਦਾ ਵੱਡਾ ਫਰਕ ਇਹੀ ਹੁੰਦਾ ਸੀ ਕਿ ਸੰਗਤੀਆਂ ਨੂੰ ਮਸੰਦ ਵਲੋਂ ਦਸਵੰਧ ਇੱਕਠਾ ਕਰਨ ਦਾ ਆਦੇਸ਼ ਦਿਤਾ ਜਾਂਦਾ ਸੀ ਅਤੇ ਇਨ੍ਹਾਂ ਵਿਚੋਂ ਜ਼ਿਮੇਵਾਰ ਸੰਗਤੀਆਂ ਦਾ ਰੁਤਬਾ ਵਧਾ ਕੇ ਮਸੰਦ ਬਣਾ ਦਿੱਤਾ ਜਾਂਦਾ ਸੀ।[4]

### (ਅ) ਮਸੰਦ ਸ਼ਬਦ ਦੀ ਵਿਆਖਿਆ

ਮਸੰਦ ਦਾ ਸ਼ਬਦਕ ਅਰਥ ਹੈ 'ਏਜੰਟ' ਜਾਂ 'ਡਿਪਟੀ'। ਇਹ ਪਰਸ਼ੀਅਨ ਸ਼ਬਦ 'ਮਸਨਦ' ਦਾ ਵਿਗੜਿਆ ਹੋਇਆ ਪੰਜਾਬੀ ਰੂਪ ਹੈ ਮਸਨਦ ਦਾ ਅਰਥ ਹੈ, 'ਉਚੀ ਥਾਂ' ਮੁਹਸਿਨ ਫਾਨੀ ਦੀ ਲਿਖਤ ਦਾ ਬਿਸਤਾਨ ਮਜਾਹਬ ਅਨੁਸ਼ਾਰ ਇਹ ਸ਼ਬਦ ਅਫਗਾਨ ਬਾਦਸ਼ਾਹਾਂ ਦੇ ਗਵਰਨਰਾਂ ਵਾਸਤੇ ਵਰਤਿਆ ਜਾਂਦਾ ਸੀ।[5] ਮਸੰਦ ਮੰਜੀਦਾਰਾਂ ਵਾਂਗ ਉਚੀ ਥਾਂ ਤੇ ਬੈਠ ਕੇ ਸੰਗਤਾਂ ਨੂੰ

ਉਪਦੇਸ਼ ਦਿੰਦੇ ਸਨ । ਉੱਚੀ ਥਾਂ ਪਵਿਤਰਤਾ ਅਤੇ ਸ਼ਰਧਾ ਦੀ ਲਖਾਇਕ ਹੈ । ਇਸ ਪ੍ਰਮਾਣਤ ਥਾਂ ਉਤੇ ਗੁਰੂ ਜਾਂ ਗੁਰੂ ਦਾ ਪ੍ਰਤਿਨਿਧ ਮਸੰਦ ਹੀ ਬੈਠ ਸਕਦਾ ਸੀ । ਇਸ ਗੱਲ ਤੋਂ ਪਤਾ ਲਗਦਾ ਹੈ ਕਿ ਮਸੰਦ ਇਕ ਸਤਿਕਾਰਿਆ ਹੋਇਆ ਵਿਅਕਤੀ ਹੁੰਦਾ ਸੀ ।

ਮਸੰਦ ਸ਼ਬਦ ਦਾ ਸੰਗਿਆ ਰੂਪ 'ਮਸੰਦਗੀ' ਵੀ ਵਰਤਿਆ ਜਾਂਦਾ ਹੈ । ਜਿਸ ਦਾ ਅਰਥ ਹੈ ਤਕੀਆ ਲਗਾਉਣਾ, ਤਕੀਆ ਗਾਤ, ਤਖਤ, ਗਦੀ[6] ਇਸੇ ਤਰ੍ਹਾਂ ਸ਼ਬਦ 'ਮਸੰਦ' ਹੈ ਜਿਸ ਤੋਂ ਭਾਵ ਮਸਨਦ ਨਾਲ ਸੰਬੰਧ ਰਖਣ ਵਾਲਾ ਵਿਅਕਤੀ ਲਿਆ ਗਿਆ ਹੈ ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਮਸੰਦਾਂ ਦੀ ਨਿਯੁਕਤੀ ਨਵੀਂ ਹੋਈ ਸੀ । ਇਨ੍ਹਾਂ ਦੀ ਨਿਯੁਕਤੀ ਵਿਚ ਵਿਸ਼ਵਾਸ਼ ਸ਼ਰਧਾ ਅਤੇ ਜੀਵਨ ਵਾਲੇ ਸਿਖ ਹੀ ਲਏ ਜਾਂਦੇ ਸਨ । ਇਹ ਆਪਣੀ ਪਵਿਤਰਤਾ, ਉਚੇ ਆਚਰਨ ਕਰਕੇ ਮਸ਼ਹੂਰ ਸਨ । ਭਾਈ ਗੁਰਦਾਸ ਨੇ ਇਨ੍ਹਾਂ ਨੂੰ ਗੁਰਮੁਖ ਕਿਹਾ ਹੈ ।

### (ੲ) ਮਸੰਦ ਸਿਸਟਮ ਦਾ ਨਿਕਾਸ

ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ (ਯਾਤਰਾਵਾਂ) ਸਥਾਪਤ ਕਰਕੇ ਆਪਣਾ ਕੇਂਦਰ ਕਰਤਾਰਪੁਰ ਰਾਵੀ ਦੇ ਕਿਨਾਰੇ ਬਣਾਇਆ ਅਤੇ ਇਥੇ ਆਪਣਾ ਅੰਤਮ ਸਮਾਂ ਬਿਤਾਇਆ । ਗੁਰੂ ਜੀ ਨੇ ਯਾਤਰਾਵਾਂ ਦੇ ਦੌਰਾਨ ਸਾਰੇ ਭਾਰਤ ਅਤੇ ਇਸਦੇ ਨਾਲ ਲਗਦੇ ਦੇਸ਼ਾਂ ਵਿਚ ਸਿੱਖੀ ਦੇ ਕੇਂਦਰ ਸਥਾਪਤ ਕਰ ਦਿੱਤੇ ਸਨ ਸਿਖ ਸੰਗਤਾਂ ਕਦੀ ਕਦਾਈ ਇਨ੍ਹਾਂ ਕੇਂਦਰਾਂ ਤੋਂ ਕਰਤਾਰ ਪੁਰ ਦਰਸ਼ਨਾਂ ਨੂੰ ਆਉਦੀਆਂ ਦਰਸ਼ਨ ਭੇਟਾ ਆਪ ਹੀ ਲੈ ਆਉਂਦੀਆਂ । ਸੰਗਤ ਤੇ ਪੰਗਤ ਕਾਇਮ ਹੋ ਚੁਕੀ ਸੀ । ਗੁਰੂ ਨਾਨਕ ਨੇ ਸਿਖੀ ਲਹਿਰ ਨੂੰ ਕਾਇਮ ਰੱਖਣ ਲਈ ਆਪਣਾ ਧਾਰਮਕ ਉਤਰਾਧਿਕਾਰੀ ਭਾਈ ਲਹਿਣਾ ਇਕ ਵਫਾਦਾਰ ਸਿੱਖ ਚੁਣਿਆ ਅਤੇ ਉਸ ਅੰਦਰ ਗੁਰੂ ਜੀ ਦੇ ਪਰਿਵਰਤਣ ਨਾਲ ਸਿਖੀ ਜੁਗਤ ਵੀ ਦ੍ਰਿੜ ਕੀਤੀ । ਇਹ ਸਿਰਫ ਕਾਇਆ ਹੀ ਪਲਟੀ ਸੀ ।

ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਆ ਗੁਰੂ ਅੰਗਦ ਨੇ ਆਪਣਾ ਸਿੱਖੀ ਕੇਂਦਰ ਖਡੂਰ ਸਾਹਿਬ ਚੁਣਿਆ ਅਤੇ ਇਥੋਂ ਹੀ ਸਿੱਖ ਸੰਗਤਾਂ ਤਾਈ ਉਪਦੇਸ਼ ਕਰਦੇ ਅਤੇ ਆਈਆਂ ਸੰਗਤਾਂ ਨੂੰ ਸਿੱਖੀ ਨਿਯਮ ਦ੍ਰਿੜ ਕਰਾਂਦੇ, ਗੁਰੂ ਨਾਨਕ ਬਾਣੀ ਦਾ ਪ੍ਰਵਾਹ ਚਲਦਾ । ਲੋਕਾਂ ਤਾਈ ਗੁਰੂ ਨਾਨਕ ਮਿਸ਼ਨ ਨੂੰ ਪਹੁਚਾਣ ਲਈ ਗੁਰੂ ਜੀ ਗੁਰਮੁਖੀ ਲਿਖੀ ਪ੍ਰਚਲਤ ਕੀਤੀ । ਖਡੂਰ ਸਾਹਿਬ ਕੇਂਦਰ ਬਣਨ ਨਾਲ ਸਿੱਖੀ ਮਾਝੇ ਵਿਚ ਹੋਰ ਫੈਲਣ ਲਗੀ । ਗੁਰੂ ਅਮਰਦਾਸ ਜੀ ਨੇ ਗੁਰਗੱਦੀ ਪ੍ਰਾਪਤ ਕਰਕੇ ਸਿੱਖੀ ਦਾ ਕੇਂਦਰ ਗੋਇੰਦਵਾਲ ਦਰਿਆ ਬਿਆਸਾ ਦੇ ਕਿਨਾਰੇ ਬਣਾਇਆ । ਇਥੇ ਇਕ ਬਉਲੀ ਚੋਰਾਸੀਹ ਪਾਉੜੀਆਂ ਵਾਲਾ ਡੂੰਘਾ ਖੂਹ ਬਣਾਇਆ ਸਿਖ ਸੰਗਤਾਂ ਆਉਂਦੀਆਂ ਇਸ਼ਨਾਨ ਕਰਦੀਆਂ । ਉਪਦੇਸ਼ ਲੈਂਦੀਆਂ ਆਪਣਾ ਜੀਵਨ ਸਫਲਾ ਕਰਦੀਆਂ ਇਥੇ ਵਰ ਹੈ ਕਿ ਚੋਰਾਸੀਹ ਪਾਠ

ਜਪੁ ਜੀ ਦੇ ਕਰਨ ਨਾਲ ਚੌਰਾਸੀਹ ਕੱਟੀ ਜਾਂਦੀ ਹੈ। ਤੀਸਰੇ ਗੁਰੂ ਦੇ ਸਮੇਂ ਤਕ ਸਿੱਖੀ ਹੋਰ ਫੈਲ ਗਈ ਸੀ। ਗੁਰੂ ਜੀ ਨੇ 22 ਮੰਜੀਆਂ (ਧਾਰਮਕ ਕੇਂਦਰ) ਤੇ 72 ਪੀਹੜੇ (ਛੋਟੇ ਧਾਰਮਕ) ਕੇਂਦਰ ਕਾਇਮ ਕੀਤੇ ਸਨ। ਇਨ੍ਹਾਂ ਦਾ ਵਰਣਨ ਅਸੀਂ ਪਹਿਲਾਂ ਕਰ ਆਏ ਹਾਂ।

ਚੋਥੇ ਗੁਰੂ. ਗੁਰੂ ਰਾਮਦਾਸ ਜੀ ਨੇ ਗੁਰੂ ਅਮਰ ਦਾਸ ਜੀ ਦੇ ਆਦੇਸ਼ ਨਾਲ ਚਕ ਰਾਮ ਦਾਸ (ਅੰਮ੍ਰਿਤਸਰ) ਸਥਾਪਤ ਕੀਤਾ[8] ਅਤੇ ਇਥੇ ਸਰੋਵਰ ਕਾਇਮ ਕੀਤਾ। ਇਸ ਚੋਥੇ ਕੇਂਦਰ (ਅੰਮ੍ਰਿਤਸਰ) ਦੇ ਸਥਾਪਨਾ ਨਾਲ ਸਿੱਖੀ ਦਾ ਖੇਤਰ ਹੋਰ ਵਧਿਆ ਅਤੇ ਨਾਲ ਨਾਲ ਖਰਚਾ ਵੀ ਵਧਣ ਲਗਾ। ਇਸ ਖਰਚੇ ਨੂੰ ਪੂਰਾ ਕਰਨ ਲਈ ਗੁਰੂ ਰਾਮ ਦਾਸ ਜੀ ਨੇ ਮਸੰਦ ਥਾਪੇ ਅਤੇ ਕੁਝ ਮੰਜੀਦਾਰਾਂ ਨੂੰ ਹੀ ਜ਼ਿੰਮੇਵਾਰੀ ਸੌਂਪੀ ਗਈ। ਇਸੇ ਆਧਾਰ ਉਤੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਕਿ ਮਸੰਦਾਂ ਦੀ ਸਥਾਪਨਾ ਗੁਰੂ ਅਮਰਦਾਸ ਕਰ ਗਏ ਸਨ।

ਡਾ. ਗੰਡਾ ਸਿੰਘ ਦਾ ਕਥਨ ਹੈ ਕਿ ਮਸੰਦ ਸਿਸਟਮ ਦੀ ਸਥਾਪਨਾ ਗੁਰੂ ਰਾਮ ਦਾਸ ਜੀ ਦੇ ਸਮੇਂ ਹੋਈ।[9] ਗੁਰੂ ਜੀ ਨੇ ਸਰੋਵਰ ਦੀ ਖੁਦਵਾਈ ਕਰਾਈ ਇਸ ਸਰੋਵਰ ਨੂੰ ਪੱਕਿਆਂ ਕਰਨਾ ਅਤੇ ਹੋਰ ਸਿੱਖੀ ਦੇ ਖਰਚੇ ਜਿਵੇਂ ਲੰਗਰ ਸਰਾਵਾਂ ਆਦਿ ਲਈ ਲੋਂੜੀਦੇ ਸਨ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ ਮਸੰਦ ਥਾਪੇ। ਇਨ੍ਹਾਂ ਮਸੰਦਾਂ ਨੂੰ ਸਿੱਖੀ ਪ੍ਰਚਾਰ ਦੇ ਨਾਲ-ਨਾਲ, ਸੰਗਤਾਂ ਵਲੋਂ ਆਈ ਭੇਟਾ ਇੱਕਠੀ ਕਰਕੇ ਗੁਰੂ ਘਰ ਪਹੁੰਚਾਣ ਦੀ ਸੇਵਾ ਲਾਈ ਗਈ ਸੀ।

ਸੰਗਤਾਂ ਦੂਰੋ ਦੂਰੋ ਆਉਂਦੀਆਂ ਲਗਾਤਾਰ ਸੇਵਾ ਕਰਦੀਆਂ। ਉਨ੍ਹਾਂ ਦੇ ਰਹਿਣ ਅਤੇ ਲੰਗਰ ਦੀ ਵਿਵਸਥਾ ਜ਼ਰੂਰੀ ਸੀ। ਸਿੱਖੀ ਦੇ ਵਧਣ ਨਾਲ ਸਰਾਵਾਂ, ਸਰੋਵਰ ਹਰਿਮੰਦਰ ਅਤੇ ਲੰਗਰ ਵਰਗੀਆਂ ਬੁਨਿਆਦੀ ਲੋੜਾ ਦੀ ਪੂਰਤੀ ਜ਼ਰੂਰੀ ਸੀ। ਇਨ੍ਹਾਂ ਲੋੜਾਂ ਦੀ ਪੂਰਤੀ ਲਈ ਸੰਗਤ ਵਲੋਂ ਭੇਟਾ ਰਾਹੀ ਹੀ ਪੂਰੀ ਕੀਤੀ ਜਾਂਦੀ ਸੀ।

### ਮਸੰਦ ਸਿਸਟਮ ਦੀ ਸਥਾਪਨਾ[6]

ਮਸੰਦ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਸਮੇਂ (1563-1606 ਈ.) ਤੋਂ ਪਹਿਲਾਂ ਇਤਨਾ ਹਰਮਨ ਪਿਆਰਾ ਨਹੀਂ ਸੀ। ਮਸੰਦ ਸਿਸਟਮ ਦੀ ਸਥਾਪਨਾ ਭਾਵੇਂ ਹੋ ਚੁਕੀ ਸੀ ਅਤੇ ਉਸਦੇ ਕਾਰਜ ਵੀ ਥਾਪੇ ਗਏ ਸਨ ਪ੍ਰੰਤੂ ਇਨ੍ਹਾਂ ਦੇ ਕਾਰਜਾਂ ਪ੍ਰਤਿ ਪੂਰਾ ਵਿਸਥਾਰ, ਜ਼ਿੰਮੇਵਾਰੀ, ਅਤੇ ਸਿੱਖੀ ਪ੍ਰਚਾਰ ਦਾ ਸਾਰਾ ਭਾਰ ਉਹਨੂੰ ਵਿਸਥਾਰ ਨਾਲ ਨਹੀਂ ਸੌਂਪਿਆ ਗਿਆ ਸੀ ਜਿਤਨਾ ਗੁਰੂ ਅਰਜਨ ਦੇਵ ਜੀ ਨੇ ਸੌਂਪਿਆ।

ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਕਿ ਮਸੰਦ, ਗੁਰੂ ਮਿਸ਼ਨ, ਦਾ ਪ੍ਰਚਾਰ ਕਰਦੇ, ਲੋਕਾਂ ਦੇ ਝਗੜੇ ਨਿਪਟਾਦੇ, ਸਿੱਖੀ ਨਿਯਮਾ ਨੂੰ ਦ੍ਰਿੜ ਕਰਾਂਦੇ ਅਤੇ ਸਿੱਖੀ ਨੂੰ ਇਕ ਪ੍ਰਬੰਧ ਥਲੇ ਰਖਦੇ।[10] ਇਸ ਸਮੇਂ ਦੋ ਸ਼ਬਦ 'ਮੇਲੀ' ਅਤੇ 'ਸਹਿਲੰਗ' ਪ੍ਰਚਲਤ ਸਨ। ਮੋਹਸਿਨ ਫਾਨੀ ਲਿਖਦਾ ਹੈ ਹਰ ਪਰਗਨੇ ਵਿਚ ਲੋਕੀ ਪਹਿਲਾ ਮੇਲੀ ਰਾਹੀਂ ਸਿੱਖ ਸਜਦੇ ਅਤੇ ਫਿਰ

ਗੁਰੂ ਦੇ ਸਿੱਖ ਬਣਦੇ, ਮੇਲੀ ਉਹ ਲੋਕ ਸਨ ਜੋ ਬਰਾਬਰ ਸੰਗਤ ਵਿਚ ਆਉਂਦੇ ਮਿਲਦੇ ਅਤੇ ਸਹਿਲੰਗ ਉਹ ਜੋ ਕਦੀ ਕਦਾਈ ਆਉਂਦੇ। ਡਾ. ਗੁਪਤਾ ਲਿਖਦਾ ਹੈ ਕਿ ਮਸੰਦ ਇਕ ਰੁਤਬਾ ਸੀ ਅਤੇ ਸੰਸਥਾ ਵੀ ਜੋ ਮਸੰਦ-ਏ-ਅਲੀ ਨਾਲੋਂ ਵਖਰਾ ਸੀ।[11]

ਮਸੰਦ ਸਿਸਟਮ ਦੀ ਸਥਾਪਨਾ ਦਾ ਦੂਸਰਾ ਕਾਰਨ ਜੋ ਇਤਿਹਾਸਕਾਰਾਂ ਵਰਣਨ ਕੀਤਾ ਹੈ ਉਹ ਇਹ ਵੀ ਕਿ ਕੁਝ ਮੰਜੀਦਾਰ ਆਪਣੇ ਉਤੇ ਆਚਰਨ ਤੋਂ ਡਿਗ ਚੁਕੇ ਸਨ। ਭੇਟਾ ਨਾ ਮਾਤਰ ਹੀ ਗੁਰੂ ਘਰ ਤਕ ਪਹੁੰਚਦੀ ਸੀ। ਗੁਰੂ ਭੇਟਾ ਦਾ ਹਿਸਾਬ ਕਿਤਾਬ ਵੀ ਕੋਈ ਪੱਕੀ ਤਰ੍ਹਾਂ ਨਹੀਂ ਸੀ। ਬੈਨਰ ਜੀ ਲਿਖਦਾ ਹੈ ਦਾਨ ਭੇਟਾ ਗੁਰੂ ਘਰ ਵਿਚ ਸਮੇਂ ਸਿਰ ਨਹੀਂ ਸੀ ਪਹੁੰਚਦੀ ਜਿਹੜੀ ਪਹੁੰਚਦੀ ਸੀ ਉਹ ਵੀ ਪੂਰੀ ਨਹੀਂ ਸੀ ਹੁੰਦੀ।[12]

ਗੁਰੂ ਅਮਰਦਾਸ ਜੀ ਤੋਂ ਬਾਅਦ ਮੰਜੀਦਾਰ ਵਿਚ ਆਈ ਗਿਰਾਵਟ ਨੂੰ ਦੇਖ ਕੇ ਰਾਮਦਾਸ ਜੀ ਨੇ ਮਸੰਦ ਸਥਾਪਤ ਤਾਂ ਕਰ ਦਿੱਤੇ ਸਨ। ਪ੍ਰੰਤੂ ਉਹ ਅਜੇ ਇਤਨੇ ਹਰਮਨ ਪਿਆਰੇ ਨਹੀਂ ਸਨ ਹੋਏ ਅਤੇ ਨਾਲ ਹੀ ਉਨ੍ਹਾਂ ਦੀਆਂ ਡਿਊਟੀ ਨੂੰ ਨਿਯਮਬੱਧ ਨਹੀਂ ਸੀ ਕੀਤਾ ਗਿਆ ਸਿੱਖੀ ਦੇ ਵਧਦੇ ਖਰਚੇ ਅਤੇ ਵਧਦੀ ਜ਼ਿੰਮੇਵਾਰੀ ਨੂੰ ਮੁੱਖ ਰਖਕੇ ਜਿਨ੍ਹਾਂ ਵਫਾਦਾਰਾਂ ਸਿੱਖਾਂ ਦੇ ਮੋਢੇ ਉਤੇ ਇਹ ਭਾਰ ਗੁਰੂ ਅਮਰਦਾਸ ਜੀ ਨੇ ਸੌਂਪਿਆ ਸੀ ਉਨ੍ਹਾਂ ਵਿਚ ਹੀ ਆਈ ਗਿਰਾਵਟ ਨੂੰ ਦੇਖ ਕੇ ਇਸ ਨੂੰ ਨਵੇਂ ਸਿਰਿਉਂ ਉਵਰਹਾਲ ਕਰਨਾ ਜ਼ਰੂਰੀ ਬਣ ਗਿਆ ਸੀ। ਨਵੇਂ (ਗੁਰਮਿਤ) ਧਰਮ ਨੂੰ ਮਜ਼ਬੂਤ ਲੀਹਾਂ ਉਤੇ ਲਿਆਉਣ ਲਈ ਜ਼ਰੂਰੀ ਸੀ ਕਿ ਇਸ ਸਿਸਟਮ ਨੂੰ ਬਦਲਿਆ ਜਾਵੇ। ਗੁਰੂ ਅਰਜਨ ਦੇਵ ਜੀ ਦੀ ਗੁਰਗਦੀ ਦੀ ਰਸਮ ਸਮੇਂ[12] ਮਸੰਦ ਹਾਜ਼ਰ ਸਨ ਇਸਦਾ ਜਿਕਰ ਪੰਥ ਪ੍ਰਕਾਸ਼ ਦੇ ਕਰਤਾ ਨੇ ਕੀਤਾ ਹੈ।[13] ਇਸ ਗਲ ਤੋਂ ਦੋ ਗਲਾਂ ਦੀ ਪੁਸ਼ਟੀ ਹੁੰਦੀ ਹੈ ਇਕ ਤਾਂ ਇਹ ਕਿ ਮਸੰਦ ਸਿਸਟਮ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਸਥਾਪਤ ਹੋ ਚੁੱਕਾ ਸੀ। ਦੂਸਰਾ ਇਹ ਸਿਸਟਮ ਅਜੇ ਇਤਨਾ ਪ੍ਰਫੁਲਤ ਨਹੀਂ ਸੀ ਹੋਇਆ। ਇਹ ਨਵੇਂ ਨਿਯੁਕਤ ਕੀਤੇ ਮਸੰਦ ਗੁਰੂ ਘਰ ਪ੍ਰਤਿ ਵਫਾਦਾਰ, ਇਮਾਨਦਾਰ ਅਤੇ ਲਗਨ ਨਾਲ ਕੰਮ ਕਰਨ ਵਾਲੇ ਸਨ। ਇਨ੍ਹਾਂ ਦੇ ਜੀਵਨ ਵਲ ਦੇਖ ਕੇ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਸਿੱਖ ਸਜਦੀਆਂ ਜਾ ਰਹੀਆਂ ਸਨ।

ਮਸੰਦ ਸਿਸਟਮ ਦੀ ਸਥਾਪਨਾ ਦਾ ਤੀਸਰਾ ਮੁਖ ਕਾਰਨ ਇਹ ਸੀ ਕਿ ਗੁਰੂ ਰਾਮਦਾਸ ਪਾਤਸ਼ਾਹ ਦੇ ਸਮੇਂ ਤਕ ਗੁਰੂ ਘਰ ਦੀ ਲੋੜਾਂ ਵਧ ਤਾਂ ਚੁਕੀਆਂ ਸਨ ਪ੍ਰੰਤੂ ਉਨ੍ਹਾਂ ਮੁਤਾਬਕ ਖਰਚੇ ਦਾ ਬਜ਼ਟ ਨਹੀਂ ਸੀ ਤਿਆਰ ਹੋਇਆ। ਇਹ ਬਜਟ ਤਿਆਰ ਕਰਨਾ ਜ਼ਰੂਰੀ ਸੀ। ਖਰਚਾ ਕਿਤਨਾ ਹੈ ਇਹ ਕਿਸ ਤਰ੍ਹਾਂ ਪੂਰਾ ਕਰਨਾ ਹੈ ਇਸਦੇ ਪੂਰਤੀ ਦੇ ਸਾਧਨ ਕਿਸ ਤਰ੍ਹਾਂ ਪ੍ਰਫੁਲਤ ਕੀਤੇ ਜਾ ਸਕਦੇ ਹਨ। ਇਹ ਸਾਧਨ ਸਫਲਤਾ ਪੂਰਵਕ ਇਮਾਨਦਾਰੀ ਅਤੇ ਵਫਾ-ਦਾਰੀ ਨਾਲ ਕਿਸ ਤਰ੍ਹਾਂ ਚਲ ਸਕਦੇ ਹਨ ਇਨ੍ਹਾਂ ਸਭ ਗਲਾਂ ਨੂੰ ਧਿਆਨ ਨਾਲ ਨਿਯਮ ਬਧ ਤਰੀਕੇ ਨਾਲ ਸਥਾਪਤ ਕਰਨ ਦੀ ਲੋੜ ਸੀ। ਗੁਰੂ ਅਰਜਨ ਦੇਵ ਜੀ ਨੇ ਇਹ ਸਭ ਕੀਤਾ।

ਗੁਰੂ ਅਰਜਨ ਦੇਵ ਜੀ ਸਮੇਂ ਕਈ ਪ੍ਰਕਾਰ ਦੇ ਲੋਕ ਭਲਾਈ ਦੇ ਕੰਮ ਸ਼ੁਰੂ ਹੋ ਚੁੱਕੇ

ਸਨ ਇਸ ਲਈ ਇਨ੍ਹਾਂ ਕਾਰਜਾਂ ਨੂੰ ਕਿਸੇ ਨਿਯਬੱਧ ਤਰੀਕੇ ਨਾਲ ਕਰਨ ਦੀ ਲੋੜ ਸੀ। ਇਸ ਲਈ ਮਸੰਦ ਸਿਸਟਮ ਦੀ ਸਥਾਪਨਾ ਜ਼ਰੂਰੀ ਹੋ ਗਈ ਸੀ।

ਜਿਸ ਤਰ੍ਹਾਂ ਕਿ ਸਰਾਵਾਂ, ਤਰਨ ਤਾਰਨ ਵਿਖੇ ਗੁਰਦੁਆਰਾ, ਕੋਹੜੀਘਰ, ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਤਿਆਰੀ ਚਲ ਰਹੀ ਸੀ। ਗੁਰੂ ਜੀ ਤੋਂ ਪਹਿਲਾ ਦਸਵੰਧ ਫਿਕਸ ਨਹੀਂ ਸੀ ਗੁਰੂ ਅਰਜਨ ਦੇਵ ਜੀ ਨੇ ਦਸਵੰਧ ਦੀ ਰਕਮ ਫਿਕਸ ਕਰ ਦਿੱਤੀ ਜਿਸ ਨਾਲ ਰਕਮ ਨਿਯਮਬਧ ਤਰੀਕੇ ਨਾਲ ਆਉਣ ਲਈ ਗੁਰੂ ਜੀ ਨੇ ਇਕ ਬਜਟ ਤਿਆਰ ਕੀਤਾ। ਸਰਾਂਵਾਂ ਅਤੇ ਲੰਗਤ ਦੀ ਜ਼ਰੂਰਤ ਸੀ। ਸੰਗਤਾਂ ਦੂਰ ਦੁਰਾਡਿਓਂ ਆਉਂਦੀਆਂ ਕਈ ਕਈ ਦਿਨ ਰਹਿੰਦੀਆਂ ਸੇਵਾ ਕਰਦੀਆਂ।[15]

ਗੁਰੂ ਅਰਜਨ ਦੇਵ ਜੀ ਨੂੰ ਹਰਮਿੰਦਰ ਸਾਹਿਬ ਦੀ ਤਿਆਰੀ ਉਪਰੰਤ ਕੀਰਤਨ ਵਾਸਤੇ ਰਬਾਬੀ ਸਿੰਘ ਰਖੇ ਉਨ੍ਹਾਂ 500/ ਮਹੀਨਾ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਸੰਗਤਾਂ ਲਈ ਦੁਧ ਦੀ ਜ਼ਰੂਰਤ ਸੀ ਗੁਰੂ ਜੀ ਨੇ ਪਸ਼ੂ ਪਾਲਣ ਵਾਸਤੇ ਨੌਕਰ ਰਖ ਲਿਆ[16]। ਇਨਾਂ ਸਾਰਿਆਂ ਖਰਚਿਆਂ ਨੂੰ ਮੁਖ ਰਖਕੇ ਗੁਰੂ ਅਰਜਨ ਦੇਵ ਜੀ ਨੇ ਦਸਵੰਧ ਦੀ ਰਕਮ ਹਰ ਸਿੱਖ ਲਈ ਜ਼ਰੂਰੀ ਕਰ ਦਿੱਤੀ। ਹਰੀ ਰਾਮ ਗੁਪਤਾ[18] ਇੰਦੂ ਭੂਸ਼ਨ ਬੈਨਰਜੀ[19] ਅਤੇ ਜੀ. ਸੀ. ਨਾਰੰਗ[20] ਨੇ ਇਸ ਗਲ ਦੀ ਪੁਸ਼ਟੀ ਕੀਤੀ ਹੈ।

(ਹ) ਮਸੰਦ ਸਿਸਟਮ ਦਾ ਮੁਖ ਮਨੋਰਥ

ਮਸੰਦ ਪ੍ਰਣਾਲੀ ਦਾ ਕਾਰਜ ਤਾਂ ਮੰਜੀਦਾਰਾਂ ਵਾਂਗ ਸੀ, ਪ੍ਰੰਤੂ ਇਨ੍ਹਾਂ ਦੀ ਜ਼ਿੰਮੇਵਾਰੀ ਵਧ ਅਤੇ ਕਾਰਜ ਖੇਤਰ ਜ਼ਿਆਦਾ ਸੀ। ਮਸੰਦਾਂ ਦਾ ਕਾਰਜ ਮੰਜੀਦਾਰ ਵਾਂਗੂ ਕੇਵਲ ਧਰਮ ਪ੍ਰਚਾਰ ਹੀ ਕਰਨਾ ਨਹੀਂ ਸੀ। ਧਰਮ ਪ੍ਰਚਾਰ ਤੋਂ ਇਲਾਵਾ ਮਸੰਦ ਆਪੋ ਆਪਣੇ ਆਪਣੇ ਇਲਾਕੇ ਵਿਚ ਗੁਰੂ ਦੇ ਪ੍ਰਤਿਨਿਧ ਗਿਣੇ ਜਾਂਦੇ ਸਨ। ਇਹ ਮੁਖ ਰੂਪ ਵਿਚ,

1. ਸਿੱਖੀ ਦਾ ਧਰਮ ਪ੍ਰਚਾਰ ਕਰਦੇ।
2. ਦਸਵੰਧ ਦੀ ਰਕਮ ਜੋ ਬਣਦੀ ਸੀ ਇਕੱਤਰਤ ਕਰਦੇ।
3. ਸਿੱਖ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਕ ਰਸਮਾਂ ਰਿਵਾਜਾਂ ਦੀ ਲੋੜਾਂ ਦੀ ਪੂਰਤੀ ਕਰਦੇ।
4. ਨਵੇਂ ਸਿੱਖ ਸਜਾਂਦੇ।
5. ਗੁਰੂ ਵਲੋਂ ਭੇਜਿਆ ਹੁਕਮਨਾਮੇ ਪੜ੍ਹਕੇ ਸੰਗਤਾਂ ਵਿਚ ਸੁਣਾਂਦੇ ਅਤੇ ਇਸ ਹੁਕਮਨਾਮੇ ਦੀ ਪੂਰਤੀ ਕਰਦੇ ਤੇ ਸੰਗਤਾਂ ਪਾਸੋਂ ਕਰਵਾਂਦੇ।
6. ਸੰਗਤਾਂ ਦੇ ਜਥੇ ਲੈ ਕੇ ਗੁਰੂ ਦਰਸ਼ਨ ਲਈ ਜਾਂਦੇ।
7. ਕੁਝ ਇਤਿਹਾਸਕਾਰਾਂ ਦਾ ਕਥਨ ਹੈ ਕਿ ਮਸੰਦ ਸਿੱਖਾਂ ਨੂੰ ਚਰਨ ਪਹੁਲ ਵੀ ਦਿੰਦੇ।

ਡਾ. ਗੁਪਤਾ ਲਿਖਦਾ ਹੈ ਮਸੰਦ ਤਨਖਾਹਦਾਰ ਨਹੀ ਹੁੰਦੇ ਸਨ। ਇਹ ਸੰਗਤਾਂ ਵਲੋਂ

ਦਿੱਤੀ ਭੇਟਾ ਵਿਚੋਂ ਹੀ ਗੁਰੂ ਦੀ ਮੰਜ਼ੂਰੀ ਨਾਲ ਆਪਣੇ ਗੁਜਾਰੇ ਜੋਗਾ ਰਖ ਲੈਂਦੇ ਸਨ।[21] ਮੁਹਸਿਨ ਫਾਨੀ ਲਿਖਦਾ ਹੈ ਕਿ ਜੇਕਰ ਕੋਈ ਮਸੰਦ ਰੁਜ਼ਗਾਰ ਵਾਲਾ ਹੁੰਦਾ ਸੀ। ਤਾਂ ਉਹ ਮੁਫਤ ਸੇਵਾ ਕਰਦਾ ਸੀ।[22]

ਗੁਰੂ ਰਾਮਦਾਸ ਦੁਆਰਾ ਸਥਾਪਤ ਮਸੰਦ ਖਤਰੀ ਅਤੇ ਅਰੋੜੇ ਸਨ ਕਿਉਂ ਗੁਰੂ ਜੀ ਦੇ ਸਮੇਂ ਤਕ ਸਿੱਖੀ ਇਨ੍ਹਾਂ ਲੋਕਾਂ ਤਕ ਹੀ ਫੈਲੀ ਸੀ। ਗੁਰੂ ਅਰਜਨ ਦੇਵ ਜੀ ਨੇ ਮਾਝੇ ਦਾ ਟੂਰ ਕੀਤਾ ਅਤੇ ਜੱਟਾ ਵਿਚੋਂ ਸਿੱਖ ਸਜਾਏ ਇਨ੍ਹਾਂ ਸਿੱਖਾਂ ਵਿਚੋਂ ਫਿਰ ਮਸੰਦ ਸਜੇ। ਇਨ੍ਹਾਂ ਮਸੰਦਾਂ ਵਿਚ ਬਾਦ ਵਿਚ ਮਨਮਾਨੀ ਹੋਈ ਕਈ ਕਿਸਮ ਦੀਆਂ ਗਿਰਾਵਟਾਂ ਆਈਆਂ ਇਨ੍ਹਾਂ ਦਾ ਜਿਕਰ ਅਸੀਂ ਬਾਅਦ ਵਿਚ ਕਰਾਂਗੇ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਇਹ ਮਸੰਦ ਨਵੇਂ ਬਣੇ ਹੋਣ ਕਰਕੇ ਵਫਾਦਾਰ ਹੁੰਦੇ ਸਨ ਸਮਾਜ ਵਿਚ ਸਤਿਕਾਰੇ ਜਾਂਦੇ ਸਨ। ਉਹ ਉਚ ਆਦਰਸ਼ ਦੇ ਮਾਲਕ ਸਨ। ਜਦੋਂ ਇਹ ਮਸੰਦ ਗੁਰੂ ਲਈ ਦਸਵੰਧ ਲੈ ਕੇ ਆਉਂਦੇ ਤਾਂ ਗੁਰੂ ਜੀ ਇਨ੍ਹਾਂ ਮਸੰਦਾਂ ਨੂੰ ਸਰੋਪਾ ਦਿੰਦੇ ਸਨ।[23]

ਮਸੰਦਾਂ ਦਾ ਮਨੋਰਥ ਦਸਵੰਧ ਇਕੱਠਾ ਕਰਨਾ ਸੀ। ਕੁਝ ਇਤਿਹਾਸਕਾਰਾਂ ਨੇ ਦਸਵੰਧ ਨੂੰ ਟੈਕਸ ਦਾ ਨਾਂ ਦਿੱਤਾ ਹੈ। ਸੀਂਹਾ ਤੇ ਟਰਾਇ ਜਿਨ੍ਹਾਂ ਦੇ ਲਿਖਾਰੀਆ ਨੇ ਦਾ ਬਿਸਤਾਨ ਨੂੰ ਤਰਜਮਾਇਆ ਹੈ ਦਸਵੰਧ ਨੂੰ ਟੈਕਸ ਲਿਖਿਆ ਹੈ ਇਸ ਤਰ੍ਹਾਂ ਇਕ ਬੁਨਿਆਦੀ ਭੁਲੇਖਾ ਪਾ ਦਿੱਤਾ ਹੈ। ਦਸਵੰਧ ਦੀ ਸਪਰਿਟ ਟੈਕਸ ਨਾਲੋਂ ਬਿਲਕੁਲ ਵਖਰੀ ਹੈ। ਟੈਕਸ ਤਾਂ ਸਰਕਾਰ ਵਲੋਂ ਠੋਸਿਆ ਇਕ ਕਿਸਮ ਦਾ ਕਰ ਹੁੰਦਾ ਹੈ ਜਦ ਕਿ ਦਸਵਧ ਇਕ ਸ਼ਰਧਾਪੂਰਬਕ ਗੁਰੂ ਕਾਰਜਾਂ ਪ੍ਰਤਿ ਦਿੱਤੀ ਭੇਟਾ ਹੁੰਦੀ ਹੈ। ਮੁਹਸਿਨ ਫਾਨੀ ਇਸਨੂੰ 'ਨਜ਼ਰ ਭੇਟ' ਲਿਖਦਾ ਹੈ। ਦਸਵੰਧ ਅਸਲ ਵਿਚ ਨਜਰਾਨਾ ਹੀ ਹੈ।

ਜੀ.ਸੀ ਨਾਰੰਗ ਲਿਖਦਾ ਹੈ ਕਿ ਦਸਵੰਧ ਦੀ ਆਮਦ ਇਤਨੀ ਨਿਯਮ ਬਧ ਸੀ ਸਰਕਾਰੀ ਮਾਮਲਾ ਤਾਂ ਕਈ ਵਾਰੀ ਭਾਵੇਂ ਸਰਕਾਰੀ ਖਜ਼ਾਨੇ ਵਿਚ ਲੇਟ ਪਹੁੰਚਦਾ ਸੀ ਪ੍ਰੰਤੂ ਦਸਵਧ ਗੁਰੂ ਦੀ ਗੋਲਕ ਵਿਚ ਸਮੇਂ ਸਿਰ ਪਹੁੰਚ ਜਾਂਦਾ ਸੀ।[24]

ਮਸੰਦ ਸਥਾਪਨਾ ਨੂੰ ਕੁਝ ਇਤਿਹਾਸਕਾਰਾਂ ਨੇ ਰਾਜਨੀਤਕ ਰੰਗਣ ਦਿੰਦਿਆਂ ਹੋਇਆ ਇਸਦਾ ਮੰਤਵ ਰਾਜਨੀਤੀ ਨਾਲ ਜੋੜਿਆ ਹੈ। ਕਈਆਂ ਨੇ ਇਸਨੂੰ ਸਮਾਜਕ ਅਤੇ ਧਾਰਮਕ ਲਹਿਰ ਆਖਿਆ ਹੈ। ਇੰਦੂ ਭੂਸ਼ਨ ਨੇ ਇਸਨੂੰ ਕਰਾਂਤੀਕਾਰੀ ਕਦਮ ਕਿਹਾ ਹੈ।[25] ਹਰੀ ਰਾਮ ਗੁਪਤਾ ਨੇ 'ਸਚੇ 'ਪਾਤਸ਼ਾਹ' ਸ਼ਬਦ ਨੂੰ ਦੁਨਿਆਵੀ ਪਾਤਸ਼ਾਹ ਦੇ ਬਰਾਬਰ ਵਰਣਨ ਕੀਤਾ ਹੈ।[26] ਕਨਿਘਮ ਅਤੇ ਮੁਹੰਮਦ ਲਤੀਫ ਦੇ ਕਥਨ ਅਨੁਸਾਰ ਮਸੰਦ ਸਿਸਟਮ ਦੀ ਸਥਾਪਨਾ ਨਾਲ ਗੁਰੂ ਅਰਜਨ ਦੇਵ ਜੀ ਨੇ ਇਕ ਕਿਸਮ ਦੀ ਆਪਣੀ ਹਕੂਮਤ ਬਣਾ ਲਈ ਸੀ।[27] ਇਸ ਵਿਆਖਿਆ ਦੇ ਤਹਿ ਵਿਚ ਜਾਈਏ ਤਾਂ ਇਹ ਨਿਰਮੂਲ ਜਿਹੀ ਜਾਪਦੀ

ਹੈ। ਇਤਨਾ ਜ਼ਰੂਰ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਕੌਮ ਆਪਣੇ ਪੈਰਾਂ ਉਤੇ ਖੜ੍ਹੀ ਹੋ ਗਈ ਸੀ। ਮਸੰਦ ਸਿਸਟਮ ਦੇ ਪ੍ਰਚਾਰ ਨਾਲ ਗੁਰੂ ਦਾ ਮਿਸ਼ਨ ਤੇ ਗੁਰੂ ਘਰ ਦੀ ਗੋਲਕ (ਖਜ਼ਾਨਾ) ਵੀ ਮਜ਼ਬੂਤ ਹੋ ਗਿਆ ਸੀ। ਜੋ ਮਸੰਦ ਸਿਸਟਮ ਦਾ ਮਨੋਰਥ ਸੀ।

ਸੀ.ਐਚ. ਪੇਚ ਲਿਖਦਾ ਹੈ : ਸਿੱਖਾਂ ਦੇ ਗੁਰੂ, ਗੁਰੂ ਅਰਜਨ ਦੇਵ ਜੀ ਨੇ ਕੌਮ ਦੇ ਸ਼੍ਰੋਮਣੀ ਹੋਣ ਦੀ ਹੈਸੀਅਤ ਵਿਚ ਸਿਰਫ ਐਸੇ ਨਿਯਮ ਬਣਾਏ। ਜਿਸ ਅਨੁਸਾਰ ਸਿੱਖਾਂ ਦੀ ਸਮਾਜੀ ਤੇ ਰਾਜਸੀ ਜ਼ਿੰਦਗੀ ਕਿਸੇ ਖਾਸ ਸੰਚੇ ਵਿਚ ਢਲ ਗਈ।[28] ਜੀ.ਸੀ. ਨਾਰੰਗ ਅਨੁਸਾਰ ਗੁਰੂ ਅਰਜਨ ਦੇਵ ਜੀ ਆਪਣੇ ਆਪ ਨੂੰ ਸਚਾ ਪਾਤਸ਼ਾਹ ਅਤੇ ਮਸੰਦਾਂ ਨੂੰ ਉਸਦੇ ਗਵਰਨਰ[29] ਸਮਝਣਾ ਸਭ ਰਾਜਨੀਤੀ ਨਾਲ ਸੰਬਧਿਤ ਵਰਣਨ ਕਰਨ ਦਾ ਯਤਨ ਕੀਤਾ ਹੈ। ਗੁਰਬਾਣੀ ਦੇ ਸੰਦਰਭ ਵਿਚ ਦੇਖੀਏ ਤਾਂ ਸਚੇ ਪਾਤਸਾਹ ਦੀ ਪਰਿਭਾਸ਼ਾ ਦਾ ਦੁਨਿਆਵੀ ਬਾਦਸ਼ਾਹ ਨਾਲ ਕੋਈ ਸੰਬੰਧ ਨਹੀਂ ਹੈ। ਸਚਾ ਪਾਤਸ਼ਾਹ ਅਕਾਲ ਪੁਰਖ ਵਲੋਂ ਥਾਪਿਆ ਹੋਇਆ ਧਾਰਮਿਕ ਨੇਤਾ ਹੁੰਦਾ ਹੈ ਜਦ ਕਿ ਬਾਦਸ਼ਾਹ ਦੁਨੀਆਂ ਵਲੋਂ ਸਥਾਪਤ ਕੀਤਾ ਇਕ ਵਕਤੀ ਮਨੁੱਖ ਜੋ ਦੁਨਿਆਵੀ ਤਾਜ ਭਾਗ ਦਾ ਵਕਤੀ ਮਾਲਕ ਹੁੰਦਾ ਹੈ। ਬਾਦਸ਼ਾਹ ਜ਼ਰੂਰੀ ਨਹੀਂ ਸਭ ਦਾ ਭਲਾ ਲੋਚੇ ਜਦ ਕਿ ਸਚਾ ਪਾਤਸ਼ਾਹ ਹਮੇਸ਼ਾਂ ਸਾਰੇ ਸੰਸਾਰ ਦਾ ਭਲਾ ਲੋਚਦਾ ਹੈ।

ਇਸ ਉਪਰੋਕਤ ਵਰਣਨ ਤੋਂ ਭਲੀ-ਭਾਂਤ ਸਪਸ਼ਟ ਹੈ ਕਿ ਮਸੰਦ ਸਿਸਟਮ ਦੀ ਸਥਾਪਨਾ ਦਾ ਭਾਵ ਕੋਈ ਰਾਜਨੀਤਕ ਤਾਕਤ ਕਾਇਮ ਕਰਨਾ ਨਹੀਂ ਸੀ। ਅਤੇ ਨਾ ਹੀ ਇਸਦਾ ਮੰਤਵ ਕੋਈ ਸਟਟ ਵਿਚ ਹੋਰ ਸਟੇਟ ਸਥਾਪਤ ਕਰਨਾ। ਜੋਗਿੰਦਰ ਸਿੰਘ ਸੇਖੀ ਲਿਖਦਾ ਹੈ ਗੁਰੂ ਜੀ ਦਾ ਮਸੰਦ ਸਿਸਟਮ ਨੂੰ ਸਥਾਪਤ ਕਰਨਾ ਨਿਰੋਲ ਗੁਰੂ ਦੀ ਗੋਲਕ ਨੂੰ ਮਜਬੂਤ ਕਰਨਾ ਸੀ ਅਤੇ ਮਿਸ਼ਨ ਦੇ ਸਾਧਨ ਨੂੰ ਪ੍ਰਫੁਲਤ ਕਰਨਾ ਸੀ। ਸਿੱਖ ਸੰਸਾਰ ਦੀਆਂ ਧਾਰਮਕ ਤੇ ਸਮਾਜਕ ਲੋੜਾਂ ਦੀ ਪੂਰਤੀ ਲਈ ਸਾਰੇ ਸਿੱਖ ਸਮਾਜ ਨੂੰ ਸੰਗਠਤ ਰਖਣਾ ਸੀ।[30] ਇੰਦੂ ਭੂਸ਼ਨ ਬੈਨਰਜੀ ਮਸੰਦ ਸਿਸਟਮ ਦੀ ਸਥਾਪਨਾ ਦੇ ਪ੍ਰਭਾਵ ਨੂੰ ਕੇਵਲ ਸਿੱਖ ਸਮਾਜ ਦੀ ਸੰਗਠਨਤਾ ਹੀ ਨਹੀਂ ਸਮਝਦੇ ਸਗੋਂ ਆਰਥਕ ਤੌਰ ਤੇ ਨਿਗਰ ਅਤੇ ਰਾਜਨੀਤਕ ਤੌਰ ਤੇ ਇਕ ਐਸੀ ਕੌਮ ਦੇ ਰੂਪ ਵਿਚ ਆਪਣੀ ਉਸਾਰੀ ਵਲ ਜਾ ਰਹੀ ਦੱਸਿਆ ਹੈ ਜਿਸ ਵਿਚ ਸਵੈ-ਸਾਸ਼ਨ ਸਵੈ-ਸਰਕਾਰ ਦੇ ਅੰਸ਼ ਮੌਜੂਦ ਸਨ।[31]

ਮਸੰਦ ਸਿਸਟਮ ਦਾ ਮੰਤਵ, ਮਨੋਰਥ ਅਤੇ ਗਤੀਵਿਧੀਆਂ ਮਸੰਦ-ਏ-ਅਲੀ ਨਾਲੋਂ ਵਖਰੀਆਂ ਸਨ। ਮਸੰਦ-ਏ-ਅਲੀ ਦਾ ਮਨੋਰਥ ਤੇ ਮੰਤਵ ਨਿਰੋਲ ਰਾਜਨੀਤਕ ਸੀ ਅਤੇ ਉਸਦੀਆਂ ਗਤੀਵਿਧੀਆਂ ਵੀ ਰਾਜਨੀਤੀ ਨਾਲ ਪ੍ਰੇਰਤ ਸਨ ਜਦ ਕਿ ਸਿੱਖ ਧਰਮ ਵਿਚ ਮਸੰਦ ਦਾ ਰੁਤਬਾ ਧਾਰਮਕ ਸੀ। ਉਸਦਾ ਮਨੋਰਥ ਨਿਰੋਲ ਧਾਰਮਕ ਤੇ ਸਮਾਜਕ ਖੇਤਰ ਨਾਲ ਸੰਬੰਧਿਤ ਸੀ। ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿਚ ਮਸੰਦ ਸਿੱਖ ਵਿਚ ਕੇਵਲ ਇਕ ਰੁਤਬਾ ਹੀ ਨਹੀਂ ਸੀ, ਸਗੋਂ ਸੰਸਥਾ ਵੀ।[32] ਸਿੱਖ ਕੌਮ ਨੇ ਮੁਗਲ ਸਟੇਟ ਦੇ ਵਿਚ ਇਕ ਆਪਣਾ ਵਖਰਾ ਅਸਤਿਤਵ ਕਾਇਮ ਕਰ ਲਿਆ ਸੀ।[33]

ਇਤਿਹਾਸਕਾਰਾਂ ਨੇ ਮਸੰਦਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ ।

(ਕ) 1. ਚੀਫ ਮਸੰਦ

ਦਾਬਿਸਤਾਨ ਦਾ ਕਰਤਾ ਮੁਹਸਿਨ ਫਾਨੀ ਚੀਫ ਮਸੰਦ ਦਾ ਰੁਤਬਾ ਉਸਨੂੰ ਦਿੰਦਾ ਹੈ ਜਿਸ ਰਾਹੀਂ ਜ਼ਿਆਦਾ ਸਿੱਖ ਸਜੇ ਹੋਣ । ਇਨ੍ਹਾਂ ਚੀਫ ਮਸੰਦਾਂ ਨੇ ਆਪਣੇ ਪੱਧਰ ਉਤੇ ਆਪਣੇ ਇਲਾਕੇ ਵਿਚ ਡਿਪਟੀ (ਸਹਾਇਕ) ਰੱਖੇ ਹੁੰਦੇ ਸਨ । ਇਹ ਆਪਣੇ ਇਲਾਕੇ ਵਿਚ ਆਪਣੇ ਸਿੱਖ ਸੇਵਕਾਂ ਦੀਆਂ ਧਾਰਮਕ ਅਤੇ ਸਮਾਜਕ ਲੋੜਾਂ ਦੀ ਪੂਰਤੀ ਕਰਦੇ ।[34] ਭਾਈ ਗੁਰਦਾਸ ਨੇ ਇਨ੍ਹਾਂ ਚੀਫ ਮਸੰਦਾਂ ਦੀ ਗਿਣਤੀ 13 ਦੱਸੀ ਹੈ । ਜੈਸਾ ਕਿ ਦੀਪਾ ਲਾਲ, ਲੰਘਾਭ, ਅਜਬ, ਅਜਾਇਬ, ਉਮਰਸਾਹ, ਪੈੜਾ, ਸੰਗਰ, ਕਪੂਰਦੇਵ, ਸੰਮਦ, ਜੋਧਾ, ਜਲੋ ਅਤੇ ਮੋਹਣ ਆਦਿ । ਇਹ ਮਸੰਦ ਪੰਜਾਬ ਤੋਂ ਬਾਹਰ ਵੀ ਸਨ । ਮੋਹਣ ਮਸੰਦ ਮੁਹੱਲਾ ਆਲਮ-ਗੰਜ ਪਟਨੇ ਦਾ ਰਹਿਣ ਵਾਲਾ ਸੀ ।[35]

2. ਮਸੰਦ

ਮਸੰਦ ਸਿਸਟਮ ਵਿਚ ਸ਼ਬਦ ਮੇਲੀ ਅਤੇ 'ਸਹਿਲੰਗ' ਆਇਆ ਹੈ । ਮਸੰਦ ਪਹਿਲਾ ਆਪਣੇ ਇਲਾਕੇ ਵਿਚ ਸੰਗਤੀਆਂ ਦੇ ਤੌਰ ਤੇ ਕੰਮ ਕਰਦੇ ਸੰਗਤਾਂ ਨੂੰ ਧਾਰਮਕ ਉਪਦੇਸ਼ ਦਿੰਦੇ ਅਤੇ ਉਨ੍ਹਾਂ ਦੀਆਂ ਸਮਾਜਕ ਰਸਮਾਂ ਦੀ ਪੂਰਤੀ ਵੀ ਕਰਦੇ ਦਸਵੰਧ ਇਕੱਠਾ ਕਰਦੇ । ਇਨ੍ਹਾਂ ਸੰਗਤੀਆਂ ਨੂੰ ਮਸੰਦ ਦੇ ਪ੍ਰਤਿਨਿਧੀ ਦੇ ਤੌਰ ਉਤੇ ਕੰਮ ਸੌਂਪਿਆ ਜਾਂਦਾ ਸੀ । ਜ਼ਿਮੇਂਵਾਰੀ ਨਾਲ ਇਸ ਸੌਂਪੇ ਕੰਮ ਨੂੰ ਨਿਭਾਉਣ ਨਾਲ ਉਨ੍ਹਾਂ ਦਾ ਲਗਨ, ਸ਼ਰਧਾ ਤੇ ਸਿਦਕ ਨੂੰ ਦੇਖ ਕੇ ਮਸੰਦ ਥਾਪ ਦਿੱਤਾ ਜਾਂਦਾ ਸੀ ।

ਮੁਹਸਿਨ ਫਾਨੀ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖਾਂ ਦੀ ਗਿਣਤੀ ਬਹੁਤ ਵਧ ਗਈ ਸੀ ਕੋਈ ਅਜਿਹਾ ਸ਼ਹਿਰ ਨਹੀਂ ਸੀ ਜਿੱਥੇ ਸਿੱਖ ਨਹੀਂ ਸਨ । ਇਹ ਸਭ ਵਾਧਾ ਮਸੰਦ ਦੀ ਅਤੇ ਉਨ੍ਹਾਂ ਦੁਆਰਾ ਅਗੇ ਡਿਪਟੀ ਨਿਯੁਕਤ ਕਰਨ ਨਾਲ ਹੁੰਦਾ ਸੀ । ਇਹ ਸਭ ਲਗਨ ਅਤੇ ਸ਼ਰਧਾ ਨਾਲ ਕੰਮ ਕਰਦੇ ਸਨ । ਲੋਕਾਂ ਨੂੰ ਗੁਰੂ ਸਿਖਿਆ ਉਤੇ ਅਮਲ ਕਰਨ ਲਈ ਪ੍ਰੇਰਨਾ ਦਿੰਦੇ ਸਨ ।

3. ਸੰਗਤੀਆਂ ਤੇ ਮਸੰਦੀਆਂ

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੂਰ ਦੁਰਾਡੇ ਦੇਸ਼ ਵਿਦੇਸ਼ ਤਕ ਫੈਲ ਚੁੱਕੀ ਸੀ । ਸਿੱਖੀ ਦੇ ਕੇਂਦਰ ਕਾਬਲ, ਕੰਧਾਰ, ਦਿਲੀ, ਪਟਨਾ, ਢਾਕਾ, ਲੰਕਾ, ਆਦਿ ਤਕ ਫੈਲ ਚੁੱਕੇ ਸਨ । ਕਈ ਮਸੰਦਾਂ ਦਾ ਇਲਾਕਾ ਇਤਨਾ ਵੱਡਾ ਸੀ ਉਹ ਸਾਰੇ ਪਾਸੇ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਸਨ ਕਰ ਸਕਦੇ । ਇਹ ਮਸੰਦ ਆਪਣੀ ਮਦਦ ਲਈ ਅਗੋ ਸੰਗਤੀਆਂ ਜਾ ਮਸੰਦੀਆਂ ਨੂੰ ਭਰਤੀ ਕਰ ਲੈਂਦੇ ਸਨ । ਇਹ ਮਸੰਦੀਆਂ ਇਲਾਕੇ ਦੇ ਚੀਫ ਮਸੰਦ ਦੇ ਪ੍ਰਤਿਨਿਧੀ ਦੇ ਤੌਰ ਉਤੇ ਕੰਮ ਕਰਦੇ ਸਨ । ਦਸਵੰਧ ਇਕੱਠਾ ਕਰਦੇ ਅਤੇ ਗੁਰੂ ਮਿਸ਼ਨ ਦਾ

ਪ੍ਰਚਾਰ ਕਰਦੇ ਸਨ । ਚੀਫ ਮਸੰਦ ਵਿਸਾਖੀ ਅਤੇ ਦਿਵਾਲੀ ਉਤੇ ਲੋਕਾਂ ਦਾ ਦਸਵੰਧ ਗੁਰੂ ਘਰ ਪਹੁੰਚਾਂਦੇ ਸਨ । ਡਾ. ਗੋਪਾਲ ਸਿੰਘ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖਾਂ ਨੂੰ ਵਿਸਾਖੀ ਮਾਘੀ ਅਤੇ ਦਿਵਾਲੀ ਸਾਲ ਵਿਚ ਤਿੰਨ ਮੌਕਿਆ ਉਤੇ ਗੁਰੂ ਪਾਸ ਆਉਂਦੇ ਲਿਖਿਆ ਹੈ ।[38]

ਗੁਰੂ ਅਰਜਨ ਦੇਵ ਜੀ ਸਮੇਂ ਮਸੰਦ ਸਿਸਟਮ ਆਪਣੇ ਸਿਖਰ ਉਤੇ ਸੀ । ਮਸੰਦ ਇਤਨੇ ਜੀਵਨ ਵਾਲੇ ਅਤੇ ਵਫਾਦਾਰ ਸਨ ਇਨ੍ਹਾਂ ਦੇ ਜੀਵਨ ਤੋਂ ਪ੍ਰੇਰਤ ਹੋ ਕੇ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਸਿੱਖ ਸੱਜ ਜਾਂਦੀਆਂ ਸਨ ।[39] ਗੁਰੂ ਮਿਸ਼ਨ ਤੋਂ ਪ੍ਰਭਾਵਤ ਹੋਣ ਦਾ ਇਕ ਹੋਰ ਵੱਡਾ ਕਾਰਨ ਇਹ ਸੀ ਕਿ ਇਹ ਧਰਮ ਸਾਦਾ, ਕਰਮ ਕਾਂਡ, ਰਹਿਤ ਇਕ ਅਮਲੀ ਜੀਵਨ ਸੀ ।

### (ਖ) 4. ਮਸੰਦ ਸਿਸਟਮ ਵਿਚ ਗਿਰਾਵਟ

ਮਸੰਦ ਸਿਸਟਮ ਗਿਰਾਵਟ ਵਲ ਜਾ ਰਿਹਾ ਸੀ ।[40] ਗੁਰੂ ਹਰ ਗੋਬਿੰਦ ਪਾਤਸ਼ਾਹ ਦੇ ਦੇ ਸਮੇਂ ਤੋਂ ਹੀ ਕੁਝ ਮੁਸ਼ਕਲਾਂ ਪੈਦਾ ਹੋ ਗਈਆਂ ਸਨ । ਗੁਰੂ ਹਰ ਗੋਬਿੰਦ ਪਾਤਸ਼ਾਹ ਸਖਤ ਤਕੜੇ ਹੋਣ ਕਰਕੇ ਉਨ੍ਹਾਂ ਮਸੰਦਾਂ ਦੀ ਚਾਲ ਪੂਰੀ ਸਫਲ ਨਾ ਹੋਈ ।[41] ਗੁਰੂ ਹਰਿ ਰਾਏ ਸਾਹਿਬ ਪੰਜਾਬ ਤੋਂ ਬਾਹਰ 12 ਸਾਲ ਨਾਹਨ (ਹਿਮਾਚਲ) ਟਿਕੇ ਰਹੇ ।[42] ਇਸ ਸਮੇਂ ਦੌਰਾਨ ਮਸੰਦਾਂ ਨਾਲੋਂ ਸੰਪਰਕ ਟੁੱਟ ਗਿਆ । ਮਸੰਦਾਂ ਨੇ ਖੁਦ ਮੁਖਤਿਆਰੀ ਦਾ ਰਵੱਈਆ ਅਪਨਾ ਲਿਆ ਸੀ । ਉਨ੍ਹਾਂ ਦੀ ਆਪਣੀ ਮਰਜੀ ਹੁੰਦੀ ਸੀ ਕਿ ਉਹ ਗੁਰੂ ਘਰ ਨੂੰ ਕਿਤਨੀ ਭੇਟ ਦੇਣ । ਉਹ ਮਨਮਾਨੀ ਕਰਦੇ । ਆਪਣੀ ਮਰਜੀ ਅਨੁਸਾਰ ਭੇਟਾ ਗੁਰੂ ਘਰ ਨੂੰ ਦਿੰਦੇ ਬਾਕੀ ਦੀ ਆਪ ਹੀ ਖਾ ਪੀ ਜਾਂਦੇ, ਜਦ ਕਿ ਪਹਿਲਾ ਉਹ ਇਸ ਤਰ੍ਹਾਂ ਦੀ ਭੇਟਾ ਆਪਣੇ ਲਈ ਰਖਣ ਲਈ ਗੁਰੂ ਦੀ ਮੰਜੂਰੀ ਲੈਂਦੇ ਸਨ । ਕਈ ਮਸੰਦ ਮੁਫਤ ਸੇਵਾ ਕਰਦੇ ਸਨ ।

ਰਾਮਰਾਇ ਜੋ ਪਹਿਲਾਂ ਹੀ ਗੁਰੂ ਘਰ ਵਲੋਂ ਛੇਕਿਆ ਹੋਇਆ ਸੀ ਨੇ ਕੁਝ ਆਪ ਹੁਦਰੇ ਚਰਿਤਰ ਹੀਨ ਮਸੰਦਾਂ ਦੀ ਮਦਦ ਨਾਲ ਆਪਣੇ ਆਪ ਨੂੰ ਗੁਰੂ ਅਨਾਊਂਸ ਕਰ ਦਿਤਾ । ਕੁਝ ਚਰਿੱਤਰਹੀਨ ਮਸੰਦਾਂ ਨੇ ਅਖੀਰ ਰਾਮ ਰਾਏ ਦੀ ਹੀ ਗੱਦੀ ਦਾ ਜਬਰਦਸਤੀ ਅਧਿਕਾਰੀ ਬਣਨ ਦਾ ਦਾਹਵਾ ਕਰ ਦਿੱਤਾ । ਮੈਕਾਲਿਫ ਨੇ ਗੁਰਦਾਸ ਮਸੰਦ ਦਾ ਇਸ ਸ਼ਰਾਰਤ ਵਿਚ ਸਭ ਤੋਂ ਜ਼ਿਆਦਾ ਹਿੱਸਾ ਦੱਸਿਆ ।[43]

ਗੁਰੂ ਹਰਕ੍ਰਿਸ਼ਨ ਪਾਤਸ਼ਾਹ ਦੇ ਸਮੇਂ ਮਸੰਦ ਸਿਸਟਮ ਵਿਚ ਇਹ ਅਵਸਥਾ ਆ ਗਈ । ਸੀ । ਕਿ ਉਨ੍ਹਾਂ ਦਾ ਸਾਰਾ ਕੰਮ ਕਾਜ ਗੱਦੀ ਲਾਭ ਲਈ ਬਣਦਾ ਨਜਰ ਆ ਰਿਹਾ ਸੀ । ਕਿਸੇ ਮਸੰਦ ਨੂੰ ਇਹ ਡਰ ਨਾ ਰਿਹਾ ਕਿ ਉਹ ਕੱਢਿਆ ਜਾਏਗਾਂ ਜਾ ਉਸ ਨੂੰ ਬਦਲ ਦਿੱਤਾ ਜਾਵੇਗਾ । ਗੱਦੀ ਛੱਡਣ ਨੂੰ ਉਹ ਤਿਆਰ ਨਹੀਂ ਸਨ । ਉਨ੍ਹਾਂ ਦੀਆਂ ਗੱਦੀਆਂ ਦੇ ਅਧਿਕਾਰੀ ਉਨ੍ਹਾਂ ਦੇ ਆਪਣੇ ਰਿਸ਼ਤੇਦਾਰ, ਬਣਨ ਲਗ ਪਏ ਸਨ ਮਸੰਦ ਸਿਸਟਮ ਗਲਤ ਬੰਦਿਆਂ ਦੇ ਹੱਥਾਂ ਵਿਚ ਜਾਣ ਕਰਕੇ ਆਪਣੇ ਅਸਲ ਨਿਸ਼ਾਨੇ ਤੋਂ ਪੂਰੀ ਤਰ੍ਹਾਂ ਗਿਰ ਚੁੱਕਾ ਸੀ ।[44] ਇਸ

ਸਿਸਟਮ ਦੇ ਪਿਛੋਕੜ ਵਿਚ ਜਾਣ ਨਾਲ ਕੁਝ ਸਪਸ਼ਟਤਾ ਮਿਲਦੀ ਹੈ।

ਮੁਹਸਿਨ ਫਾਨੀ ਅਨੁਸਾਰ ਗੁਰੂ ਰਾਮਦਾਸ ਤਕ ਮਸੰਦ ਤੇ ਮੰਜੀਦਾਰ ਖਤਰੀ ਅਤੇ ਅਰੋੜੇ ਸਨ। ਗੁਰੂ ਅਰਜਨ ਦੇਵ ਜੀ ਨੇ ਮਾਝ ਦਾ ਟੂਰ ਕੀਤਾ ਉਨ੍ਹਾਂ ਦੇ ਸੇਵਕ ਜੱਟ ਸਿੱਖ ਬਣੇ ਇਨ੍ਹਾਂ ਸਿੱਖਾਂ ਵਿਚੋਂ ਹੀ ਮਸੰਦ ਲਏ। ਖਤਰੀ ਰੋੜੇ ਤਾਂ ਵਪਾਰੀ ਸਨ ਇਸ ਲਈ ਨਰਮ ਖਿਆਲੀਏ ਸਨ। ਜੱਟ ਮਸੰਦਾਂ ਦਾ ਸੁਭਾ ਨਰਮ ਨਹੀਂ ਸੀ। ਗੁਰੂ ਅਰਜਨ ਜੀ ਦੇ ਸਮੇਂ ਤਕ ਨਵੇਂ ਸਥਾਪਤ ਹੋਏ ਹੋਣ ਕਰਕੇ ਵਫ਼ਾਦਾਰ ਰਹੇ, ਗੁਰੂ ਹਰ ਗੋਬਿੰਦ ਸਾਹਿਬ ਦਾ ਦਬ ਦਬਾ ਹੋਣ ਕਰਕੇ ਠੀਕ ਰਹੇ ਬਾਅਦ ਵਿਚ ਨਿਧੜਕ ਹੋ ਗਏ।[45]

ਗੁਰੂ ਹਰਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕਈ ਗੱਦੀਦਾਰ ਗੁਰੂ ਬਣਨ ਲਈ ਉਠ ਖੜੇ ਹੋਏ। ਧੀਰ ਮਲੀਏ ਮੀਣੇ, ਰਾਮ ਰਾਈਏ ਗੁਰੂ ਘਰ ਦੇ ਪਹਿਲਾ ਹੀ ਵਿਰੋਧੀ ਸਨ ਜਦੋਂ ਉਨ੍ਹਾਂ ਨੂੰ ਗੁਰਗੱਦੀ ਨਾ ਪ੍ਰਾਪਤ ਹੋਈ ਤਾਂ ਧੀਰਮਲ ਦੇ ਇਕ ਮਸੰਦ ਸ਼ੀਹਾਂ ਨੇ ਗੁਰੂ ਤੇਗ ਬਹਾਦਰ ਉਤੇ ਗੋਲੀ ਚਲਾਈ। ਗੁਰੂ ਜੀ ਨੂੰ ਜ਼ਖਮੀ ਕਰ ਦਿੱਤਾ। ਗੁਰੂ ਜੀ ਦਾ ਸਮਾਨ ਲੁਟ ਲਿਆ।[46] ਪਰ ਗੁਰੂ ਜੀ ਸ਼ਾਂਤ ਰਹੇ ਕੋਈ ਬਦਲਾ ਨਾ ਲਿਆ।

ਇਤਿਹਾਸ ਤੋਂ ਪਤਾ ਲਗਦਾ ਹੈ ਕਿ ਮਸੰਦ ਗਰੀਬ ਸਿੱਖਾਂ ਨੂੰ ਕੁਟਦੇ, ਲੁਟਦੇ ਅਤੇ ਡਰਾਉਂਦੇ ਸਨ ਕਿ ਜਿਹੜਾ ਸਿੱਖ ਉਨ੍ਹਾਂ ਦਾ ਹੁਕਮ ਠੁਕਰਾਏਗਾ ਉਸਨੂੰ ਗੁਰੂ ਦੀ ਦੁਰ ਅਸੀਸ ਲਗੇਗੀ। ਮਸੰਦ ਇਸ ਤਰ੍ਹਾਂ ਭੋਲੇ ਭਾਲੇ ਸਿੱਖਾਂ ਨੂੰ ਗੁਮਰਾਹ ਕਰਦੇ। ਮਸੰਦ ਬਗਾ-ਵਤੀ ਬਣ ਚੁਕੇ ਸਨ। ਦਸਵੰਧ ਦਾ ਵੱਡਾ ਹਿੱਸਾ ਰੱਖ ਲੈਂਦੇ ਸਨ। ਇਨ੍ਹਾਂ ਗਿਰੇ ਹੋਏ ਮਸੰਦਾਂ ਨੇ ਰਾਮ ਰਾਏ ਨੂੰ ਜੀਰੋ ਬਣਾ ਦਿੱਤਾ ਮਸੰਦ ਕਹਿੰਦੇ ਕਿ ਉਨ੍ਹਾਂ ਦੇ ਹੱਥ ਵਿਚ ਹੈ ਉਹ ਜਿਸਨੂੰ ਚਾਹਣ ਗੁਰੂ ਬਣਾ ਸਕਦੇ ਹਨ। ਹੁਣ ਰਾਮ ਰਾਏ ਪੂਰਨ ਤੌਰ ਤੇ ਮਸੰਦਾਂ ਦੇ ਰਹਿਮ ਉਤੇ ਜੀਉਂਦਾ ਸੀ। ਉਨ੍ਹਾਂ ਦੇ ਕਹਿਣ ਮੁਤਾਬਕ ਕੰਮ ਕਰਦਾ ਸੀ।[47] ਮਸੰਦ ਹੁਣ ਜੋ ਵੀ ਕੰਮ ਕਰਦੇ ਸਨ ਉਹ ਆਪਣੇ ਮੰਤਵ ਲਈ ਕਰਦੇ ਸਨ।[48] ਮਸੰਦਾਂ ਦੀ ਇਸ ਆਪ ਹੁਦਰੀ ਚਾਲ ਨਾਲ ਸਿੱਖ ਜਥੇਬੰਦੀ ਨੂੰ ਬਹੁਤ ਧੱਕਾ ਲਗਾ ਸੀ।[49]

ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉਤੇ ਬੈਠਣ ਤੋਂ ਬਾਅਦ ਛੇ ਸਾਲ ਪੰਜਾਬ ਤੋਂ ਬਾਹਰ ਰਹੇ ਵਾਪਸੀ ਉਤੇ ਮੁਗਲ ਸਰਕਾਰ ਨਾਲ ਉਲਝ ਗਏ। ਇਸ ਲੰਬੇ ਸਮੇਂ ਦੇ ਟੂਰ ਕਾਰਨ ਸਾਰੇ ਮਸੰਦਾਂ ਨਾਲ ਸੰਪਰਕ ਨਾ ਰਿਹਾ। ਮਸੰਦਾਂ ਵਿਚ ਮਨਮਾਨੀ ਵਧ ਗਈ। ਨਜਰ ਭੇਟ ਆਪਣੀ ਮਰਜੀ ਨਾਲ ਜਮ੍ਹਾ ਕਰਵਾਂਦੇ ਸਨ ਹਰੀ ਰਾਮ ਗੁਪਤਾ ਅਨੁਸਾਰ ਮਸੰਦ ਹੁਣ ਅਮੀਰ ਅਤੇ ਸ਼ਕਤੀਸ਼ਾਲੀ ਹੁੰਦੇ ਗਏ ਅਤੇ ਨਾਲ ਨਾਲ ਬੇਈਮਾਨ ਵੀ ਬਣਦੇ ਗਏ।[50]

ਮਸੰਦਾਂ ਦੇ ਜੀਵਨ ਵਿਚ ਹਰ ਪਾਸਿਓ ਗਿਰਾਵਟ ਆ ਚੁੱਕੀ ਸੀ। ਗੁਰੂ ਗੱਦੀ ਨੂੰ ਹਥਿਆਉਣ ਵਾਸਤੇ ਵੀ ਯਤਨ ਜਾਰੀ ਸਨ, ਉਹ ਲੋਕਾਂ ਨੂੰ ਨਜਾਇਜ ਤੰਗ ਕਰਦੇ ਸਨ।

ਗੁਰੂ ਤੇਗ ਬਹਾਦਰ ਜੀ ਦੇ ਗੱਦੀ ਨਸ਼ੀਨ ਹੋਣ ਉਪਰੰਤ ਖਾਸ ਕਰਕੇ ਸੋਢੀ ਖਤਰੀ ਧੀਰਮਲ ਤੋਂ ਰਾਮ ਰਾਏ ਨੇ ਉਨ੍ਹਾਂ ਨੂੰ ਸੁਖ ਦਾ ਸਾਹ ਨਾ ਲੈਣ ਦਿਤਾ ਕੁਝ ਮਸੰਦ ਗੁਰੂ ਪ੍ਰਤੀ ਰੁੱਖਾ ਰਵੱਈਆ ਅਪਨਾਉਣ ਲਗ ਪਏ ।[51] ਬੈਨਰਜੀ ਅਗੇ ਲਿਖਦਾ ਹੈ ਕਿ ਗੁਰੂ ਪੱਖ ਦੀ ਕਮਜ਼ੋਰੀ ਨੇ ਮਸੰਦਾਂ ਨੂੰ ਆਪਹੁੰਦਰੇ ਤੇ ਸ਼ਕਤੀਸ਼ਾਲੀ ਬਣਾ ਦਿੱਤਾ । ਗੁਰੂ ਦੇ ਮੁਕਾਬਲੇ ਵਿਚ ਇਕ ਤਾਕਤ ਖੜੀ ਹੋ ਰਹੀ ਸੀ ਇਹ ਤਾਕਤ ਇਥੋਂ ਤਕ ਪਹੁੰਚ ਗਈ ਸੀ ਕਿ ਗੁਰੂ ਦਾ ਬਨਾਉਣਾ ਤੇ ਢਾਹੁਣਾ ਉਨ੍ਹਾਂ ਦੇ ਹੱਥ ਵਿਚ ਸੀ । ਇਹ ਵਧਦਾ ਲਾਲਚ ਸਿੱਖ ਜਥੇਬੰਦੀ ਨੇ ਕਮਜ਼ੋਰ ਤੇ ਬਦਨਾਮ ਕਰ ਰਿਹਾ ਸੀ ।[52]

ਇਹ ਮਸੰਦ ਪਹਿਲਾਂ ਪਹਿਲ ਪਵਿਤਰਤਾ, ਪ੍ਰਤਿਸ਼ਟਾ ਅਤੇ ਚੰਗੀ ਪੋਜੀਸ਼ਨ ਨੂੰ ਮੁਖ ਰਖਕੇ ਚੁਣੇ ਜਾਂਦੇ ਸਨ ਇਹ ਬਿਨਾਂ ਤਨਖਾਹ ਤੋਂ ਕੰਮ ਕਰਦੇ ਸਨ । ਹੁਣ ਇਨ੍ਹਾਂ ਦੀਆਂ ਗੱਦੀਆਂ ਜੱਦੀ ਬਣ ਰਹੀਆਂ ਸਨ । ਪਹਿਲਾਂ ਇਨਾਂ ਮਸੰਦਾਂ ਦੀ ਨਿਯੁਕਤੀ ਨੂੰ ਮੁਗਲ ਸਰਕਾਰ ਵਾਸਤੇ ਵੰਗਾਰ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ ਹੁਣ ਇਨ੍ਹਾਂ ਦੀ ਗੁਰੂ ਗੱਦੀ ਪ੍ਰਤਿ ਦਾਵੇਦਾਰ ਬਣਨ ਦੀ ਭਾਵਨਾ ਨੇ ਗੁਰੂ ਹਰ ਗੋਬਿੰਦ ਤੋਂ ਬਾਅਦ ਹੀ ਸਿੱਖ-ਜਥੇਬੰਦੀ ਨੂੰ ਧੱਕਾ ਲੱਗਾ ਅਤੇ ਕਮਜ਼ੋਰ ਕਰ ਦਿੱਤਾ ।[53]

ਮਸੰਦ ਸਿਸਟਮ ਨੇ ਆਪਹੁਦਰੇ ਹੋਣ ਉਪਰੰਤ ਹੋਲੀ ਹੋਲੀ ਗੁਰੂ ਘਰ ਦੀ ਪਾਦਰੀ ਦੀ ਪੋਜੀਸ਼ਨ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਕਈ ਪੱਖਾਂ ਵਿਚ ਉਹ ਗੁਰੂ ਨਾਲੋਂ ਵਧ ਹਰਮਨ ਪਿਆਰੇ ਅਤੇ ਸ਼ਕਤੀਸ਼ਾਲੀ ਬਣ ਚੁਕੇ ਸਨ । ਇਹ ਮਸੰਦ ਜਿਹੜੇ ਗੁਰੂ ਘਰ ਦੇ ਪਿਆਰੇ ਜ਼ਿਮੇਵਾਰ ਸਿੱਖਾਂ ਵਿਚੋਂ ਸਨ ਸਮਾਂ ਪਾ ਕੇ ਵਿਰੋਧੀ ਅਤੇ ਇਕ ਵਖਰੇ ਅਧਿਕਾਰਤ ਵਿਅਕਤੀ ਬਣ ਗਏ ਸਨ ।

ਗੁਰੂ ਗੋਬਿੰਦ ਸਿੰਘ ਜੀ ਨੇ ਗੱਦੀ ਉਤੇ ਬੈਠਣ ਉਪਰੰਤ ਮਸੰਦ ਸਿਸਟਮ ਦੀ ਵਿਗੜੀ ਹੋਈ ਹਾਲਤ ਬਾਰੇ ਗੰਭੀਰਤਾ ਨਾਲ ਸੋਚਿਆ ਤੇ ਇਨ੍ਹਾਂ ਦੀਆਂ ਜ਼ਿਆਦਤੀਆਂ ਤੋਂ ਤੰਗ ਆ ਕੇ ਸਿੱਖਾਂ ਨੂੰ ਇਨ੍ਹਾਂ ਦੀ ਪਕੜ ਵਿਚੋਂ ਛੁਡਾਉਣ ਲਈ ਪੱਕਾ ਇਰਾਦਾ ਕਰ ਲਿਆ ।

ਮਸੰਦ ਸਿੱਖ ਸੇਵਕਾਂ ਨੂੰ ਬਰਾਬਰ ਤੰਗ ਕਰਦੇ ਅਤੇ ਚੰਗਾ ਖਾਣ, ਪੀਣ ਵਾਸਤੇ ਮਜਬੂਰ ਕਰਦੇ ਸਨ । ਇਕ ਵੇਰ ਇਕ ਗਰੀਬ ਸੇਵਕ ਨੇ ਕਿਸੇ ਮਸੰਦ ਨੂੰ ਸਾਦਾ ਭੋਜਨ ਖਲਾਉਣ ਲਈ ਪਰੋਸਿਆ, ਸਾਦਾ ਭੋਜਨ ਦੇਖ ਕੇ ਮਸੰਦ ਨੇ ਦਾਲ ਚੁਕ ਕੇ ਸੇਵਕ ਦੇ ਸਿਰ ਵਿਚ ਪਾ ਦਿੱਤੀ । ਮੈਕਾਲਿਫ ਲਿਖਦਾ ਹੈ ਸੇਵਕ ਨੇ ਆਪਣੀ ਇਸਤਰੀ ਦੇ ਕਪੜੇ ਵੇਚ ਕੇ ਮਸੰਦ ਨੂੰ ਵਧੀਆ ਭੋਜਨ ਕਰਾਇਆ ।[54]

ਮਸੰਦਾਂ ਦੀਆਂ ਇਸ ਤਰ੍ਹਾਂ ਦੀਆਂ ਕਈ ਪ੍ਰਕਾਰ ਦੀਆਂ ਹਰਕਤਾਂ ਸਨ ਜਿਨ੍ਹਾਂ ਤੋਂ ਸਿੱਖ ਤੰਗ ਸਨ । ਮਸੰਦ ਗੁਰੂ ਘਰ ਦੀ ਭੇਟਾ ਖਾਣ ਦੇ ਆਦੀ ਹੋ ਗਏ ਸਨ ।[55] ਇਹ ਮਸੰਦ ਪਹਿਲਾਂ ਇਸ ਕਾਰ ਭੇਟਾ ਨੂੰ ਗੁਰੂ ਦੀ ਅਮਾਨਤ ਸਮਝ ਕੇ ਪਹੁੰਚਾਂਦੇ ਸਨ ਹੁਣ ਇਸ ਭੇਟਾ ਵਿਚੋਂ ਜਿਤਨਾ ਮਨ ਚਾਹੁੰਦਾ ਰਖ-ਲੈਂਦੇ ਸਨ ਅਤੇ ਬਾਕੀ ਜਮ੍ਹਾਂ ਕਰਵਾ ਦਿੰਦੇ । ਇਸ ਤਰ੍ਹਾਂ

ਦੀ ਮਨਮਾਨੀ ਨੇ ਸਿੱਖ ਸੰਗਤਾਂ ਦੇ ਮਨਾ ਵਿਚ ਇਕ ਨਫਰਤ ਪੈਦਾ ਹੋ ਗਈ ਸੀ। ਹੁਣ ਸਿੱਖ ਸੰਗਤਾਂ ਮਸੰਦਾਂ ਤੋਂ ਬਰਾਬਰ ਤੰਗ ਸਨ। ਇਸ ਦੇ ਬਾਵਜੂਦ ਵੀ ਉਹ ਅਜੇ ਗੁਰੂ ਪਾਸ ਸ਼ਿਕਾਇਤ ਨਹੀਂ ਸਨ ਕਰਨਾ ਚਾਹੁੰਦੀਆਂ।

ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਸਨ। ਰਾਮ ਰਾਏ ਜੀ ਦੇਹਰਾਦੂਨ ਤੋਂ ਗੁਰੂ ਜੀ ਨੂੰ ਮਿਲਣ ਆਏ ਅਤੇ ਆ ਕੇ ਬੇਨਤੀ ਕੀਤੀ ਕਿ ਮੈਂ ਖੁਸ਼ਕਿਸਮਤ ਹਾਂ ਤੁਹਾਡੇ ਦਰਸ਼ਨ ਹੋਏ ਮੈਂ ਹੁਣ ਬਹੁਤਾ ਚਿਰ ਜੀਉਂਦਾ ਨਹੀਂ ਰਹੂੰਗਾ ਮੈਂ ਮਸੰਦਾਂ ਤੋਂ ਬਹੁਤ ਤੰਗ ਹਾਂ ਮੇਰੇ ਮਰਨ ਤੋਂ ਬਾਅਦ ਪਰਿਵਾਰ ਤੇ ਜਾਇਦਾਦ ਦਾ ਖਿਆਲ ਰਖਣਾ।[56]

ਦੇਹਰਾਦੂਨ ਵਿਖੇ ਮਸੰਦ ਰਾਮਰਾਏ ਤੋਂ ਜਬਰਦਸਤੀ ਆਪਣੇ ਖਾਣ ਪੀਣ ਲਈ ਮੂੰਹ ਮੰਗੀਆਂ ਵਸਤਾਂ ਲੈਂਦੇ ਸਨ।

ਇਕ ਵੇਰ ਰਾਮਰਾਏ ਜੀ ਦੀ ਸਮਾਧੀ ਲਗੀ ਹੋਈ ਸੀ। ਸੁਆਸ ਦਸਵੇਂ ਦੁਆਰ ਵਿਚ ਟਿਕ ਗਏ ਤਾਂ ਮਸੰਦਾਂ ਨੇ ਕਿਹਾ ਕਿ ਇਹ ਮਰ ਗਿਆ ਹੈ। ਰਾਮ ਰਾਇ ਦੀ ਪਤਨੀ ਪੰਜਾਬ ਕੌਰ ਨੇ ਕਿਹਾ ਕਿ ਇਸ ਤਰ੍ਹਾਂ ਸਮਾਧੀ ਵਿਚ ਉਹ ਅਮੂਮਨ ਸੁਆਸ ਝੜਾ ਲੈਂਦੇ ਹਨ ਭਾਵ ਉਹ ਮਰੇ ਨਹੀਂ। ਮਸੰਦਾਂ ਨੇ ਮਰੇ ਹੋਏ ਦਾ ਰੌਲਾ ਪਾ ਕੇ ਰਾਮ ਰਾਏ ਨੂੰ ਜਿੰਦਾ ਹੀ ਜਲਾ ਦਿੱਤਾ ਅਤੇ ਉਸਦੀ ਕੀਮਤੀ ਜਾਇਦਾਦ ਉਤੇ ਕਬਜਾ ਕਰ ਲਿਆ। ਪੰਜਾਬ ਕੌਰ ਨੇ ਗੁਰੂ ਗੋਬਿੰਦ ਸਿੰਘ ਤੋਂ ਮਦਦ ਮੰਗੀ। ਪੰਜਾਬ ਕੌਰ ਨੇ ਸਵਰਗੀਆ ਪਤੀ ਦੀ ਯਾਦ ਵਿਚ ਲੋਕਾਂ ਨੇ ਖਾਣਾ ਖੁਆਣਾ ਚਾਹਿਆ। ਸਾਰੇ ਮਸੰਦ ਇਕੱਠੇ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਵੀ ਆ ਗਏ। ਪੰਜਾਬ ਕੌਰ ਨੇ ਇਨ੍ਹਾਂ ਮਸੰਦਾਂ ਦੀ ਪੂਰੀਆਂ ਹਰਕਤਾਂ ਬਾਰੇ ਗੁਰੂ ਜੀ ਨੂੰ ਜਾਣਕਾਰੀ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਪੰਜਾਖ ਕੌਰ ਨੇ ਮਸੰਦਾਂ ਦੀ ਮਨਮਾਨੀ, ਬੰਦ ਸਲੂਕੀ ਦਾ ਵਰਣਨ ਕਰਦਿਆ ਕਿਹਾ ਕਿ ਉਹ ਸ਼ਰਾਬ ਤੇ ਫੀਮ ਮੰਗਦੇ ਹਨ। ਰਾਮ ਰਾਏ ਦੇ ਚੇਲਿਆ ਨੂੰ ਜਲੀਲ ਕਰਦੇ, ਭੇਟਾ ਲਈ ਤੰਗ ਕਰਦੇ।[57] ਇਸ ਤਰ੍ਹਾ ਗੁਰੂ ਗੋਬਿੰਦ ਸਿੰਘ ਜੀ ਦੇ ਨੋਟਸ ਵਿਚ ਮਸੰਦਾਂ ਦੀਆਂ ਬੁਰੀਆਂ ਬੁਰੀਆਂ ਹਰਕਤਾਂ ਆਉਣ ਲਗੀਆਂ।

ਆਨੰਦਪੁਰ ਵਿਖੇ ਉਦਾਸੀ ਸਾਧੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਹੱਥੀ ਲਿਖਕੇ ਤਿਆਰ ਕੀਤੀ, ਉਹ ਮਸੰਦਾਂ ਰਾਹੀਂ ਗੁਰੂ ਜੀ ਤੋਂ ਸਹੀ ਕਰਾਉਣਾ ਚਾਹੁੰਦੇ ਸਨ ਆਨੰਦਪੁਰ ਵਿਖੇ ਮਸੰਦਾਂ ਨੇ ਉਦਾਸੀ ਸਾਧੂਆ ਨੂੰ ਮਿਲਣ ਦਾ ਮੌਕਾ ਨਾ ਦਿਤਾ ਇਕ ਦਿਨ ਗੁਰੂ ਜੀ ਸ਼ਿਕਾਰ ਤੇ ਗਏ ਤਾਂ ਉਦਾਸੀ ਸਾਧੂਆ ਨੂੰ ਮੌਕਾ ਮਿਲ ਗਿਆ ਤਾਂ ਉਨ੍ਹਾਂ ਨੰਦ ਚੰਦ ਦਾ ਭੈੜਾ ਸਲੂਕ ਦਸਿਆ। ਗੁਰੂ ਜੀ ਨੇ ਨੰਦ ਚੰਦ ਨੂੰ ਹੁਕਮ ਭੇਜਿਆ ਕਿ ਉਦਾਸੀਆ ਨੂੰ ਗੁਰੂ ਗ੍ਰੰਥ ਵਾਪਸ ਕਰ ਦਿੱਤਾ ਜਾਵੇ। ਨੰਦ ਚੰਦ ਨੇ ਕਿਹਾ ਕਿ ਉਦਾਸੀਆਂ ਨੂੰ ਗ੍ਰੰਥ ਸਾਹਿਬ ਵਾਪਸ ਕਰ ਦਿੱਤਾ ਜਾਵੇਗਾ। ਚੰਗਾ ਹੋਵੇ ਕਿ ਉਦਾਸੀ ਅਨੰਦਪੁਰ ਛੱਡ ਜਾਣ ਜੇਕਰ ਉਹ ਆਪਣੀ ਭਲੀ ਚਾਹੁੰਦੇ ਹਨ ਜੇਕਰ ਉਨ੍ਹਾਂ ਨੇ ਫਿਰ ਗੁਰੂ ਪਾਸ ਸ਼ਿਕਾਇਤ ਕੀਤੀ

ਤਾਂ ਉਨ੍ਹਾਂ ਨੂੰ ਬੰਦ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ।

ਇਸ ਤਰ੍ਹਾਂ ਦਾ ਹੁਕਮ ਜਦੋਂ ਗੁਰੂ ਜੀ ਨੇ ਨੰਦ ਚੰਦ ਵਲੋਂ ਦਿੱਤਾ ਸੁਣਿਆ ਤਾਂ ਗੁਰੂ ਜੀ ਨੰਦ ਚੰਦ ਨੂੰ ਹੁਕਮ ਅਗੇ ਭੈੜੇ ਮਸੰਦਾਂ ਨਾਲ ਵਰਤਾਉ ਕੀਤਾ ਗਿਆ ਹੈ ਉਸੇ ਤਰ੍ਹਾਂ ਹੀ ਹੀ ਨੰਦ ਚੰਦ ਨਾਲ ਵੀ ਕੀਤਾ ਜਾਏਗਾ। ਜੇ ਭਲੀ ਚਾਹੁੰਦਾ ਹਾਂ ਗ੍ਰੰਥ ਸਾਹਿਬ ਉਦਾਸੀਆਂ ਵਾਪਸ ਕਰ ਦੇਵੇ।[58]

ਇਸ ਤਾੜਨਾ ਭਰੇ ਸੁਨੇਹੇ ਨੂੰ ਸੁਣ ਕੇ ਮਸੰਦ ਬਾਗੀ ਹੋ ਉਠਿਆ ਅਤੇ ਆਪਣੇ ਹੰਕਾਰ ਵਿਚ ਆ ਕੇ ਕਹਿਣ ਲਗਾ ਕਿ ਜੇਕਰ ਮੈਂ ਆਪਣੇ ਕੋਟ ਦੀ ਮਿਟੀ ਝਾੜਾਂ ਤਾਂ ਇਸ ਤਰ੍ਹਾਂ ਦੇ ਕਈ ਗੁਰੂ ਬਣਾ ਦਿਆ।[59] ਨੰਦ ਚੰਦ ਬੀੜ ਸਮੇਤ ਕਰਤਾਰ ਪੁਰ ਧੀਰ ਮਲੀਆ ਕੋਲ ਭਜ ਗਿਆ। ਗੁਰੂ ਜੀ ਨੇ ਕਿਹਾ ਮੌਤ ਉਸ ਨੂੰ ਉਥੇ ਵੀ ਨਹੀਂ ਛਡੇਗੀ। ਧੀਰਮਲ ਨੂੰ ਗਲਤ ਫਹਿਮੀ ਹੋ ਗਈ ਕਿ ਨੰਦ ਚੰਦ ਗੁਰੂ ਗੋਬਿੰਦ ਸਿੰਘ ਦਾ ਭੇਜਿਆ ਹੋਇਆ ਉਸਨੂੰ ਮਾਰਨ ਵਾਸਤੇ ਆਇਆ ਹੈ ਤਾਂ ਧੀਰਮਲ ਨੇ ਉਸਨੂੰ ਆਪਣੇ ਮਸੰਦਾਂ ਕੋਲੋਂ ਮਰਵਾ ਦਿੱਤਾ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਦਰਬਾਰ ਵਿਚ ਨਕਲੀਆਂ ਨੇ ਮਸੰਦਾਂ ਦੀਆਂ ਭੈੜੀਆ ਕਰਤੂਤਾਂ ਦੀ ਨਕਲ ਲ ਉਂਦਿਆਂ ਇਕ ਡਰਾਮਾ ਗੁਰੂ ਜੀ ਨੂੰ ਦਿਖਾਇਆ ਤਾਂ ਗੁਰੂ ਜੀ ਨੇ ਇਹ ਮਨ ਬਣਾ ਲਿਆ ਕਿ ਮਸੰਦ ਸਿਸਟਮ ਆਪਣੀ ਗਿਰਾਵਟ ਦੀ ਅੰਤਲੀ ਹੱਦ ਉਤੇ ਪਹੁੰਚ ਚੁਕਾ ਹੈ। ਚੰਗਾ ਹੀ ਹੋਵੇ ਇਸ ਸਿਸਟਮ ਨੂੰ ਖਤਮ ਕਰ ਦਿੱਤਾ ਜਾਵੇ।

ਗੁਰੂ ਜੀ ਨੂੰ ਵੈਸਾਖੀ ਦੇ ਦਿਹਾੜੇ ਉਤੇ ਸਾਰੇ ਮਸੰਦਾਂ ਨੂੰ ਅਨੰਦਪੁਰ ਆਉਣ ਲਈ ਸੱਦਾ ਦਿੱਤਾ ਨਾਲ ਇਹ ਵੀ ਲਿਖਿਆ ਕਿ ਉਹ ਦਸਵੰਧ ਲੈ ਕੇ ਆਉਣ। ਜਦੋਂ ਮਸੰਦ ਬਹੁਤ ਥੋੜਾ ਜਿਹਾ ਦਸਵੰਧ ਲੈ ਕੇ ਆਏ ਤੇ ਗੁਰੂ ਜੀ ਨੇ ਪੁਛਿਆ ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ ਅਮੀਰ ਸਿੱਖ ਮਨ ਗਏ ਹੁਣ ਗਰੀਬ ਸਿੱਖ ਰਹਿ ਗਏ। ਗੁਰੂ ਜੀ ਨੇ ਕਿਹਾ ਮੇਰਾ ਸਿੱਖ ਕਦੀ ਗਰੀਬ ਨਹੀਂ ਹੋ ਸਕਦਾ। ਜਦੋਂ ਗੁਰੂ ਜੀ ਫਿਰ ਦਸਵੰਧ ਦੇ ਬਾਰੇ ਕਿਹਾ ਤਾਂ ਮਸੰਦ ਗੁਸੇ ਨਾਲ ਉਠੇ ਤੇ ਦਰਬਾਰ ਤੋਂ ਬਾਹਰ ਚਲੇ ਗਏ। ਉਲਟਾ ਕਹਿਣ ਲੱਗੇ:

> ਗੁਰੂ ਸਾਡਾ ਹੀ ਬਨਾਇਆ ਹੋਇਆ ਹੈ।
> ਜੇ ਅਸੀਂ ਮਾਇਆ ਨਾ ਦੇਈਏ ਤਾਂ ਉਨ੍ਹਾਂ
> ਦੇ ਕਾਰਜਾ ਦੀ ਪੂਰਤੀ ਨਾ ਹੋਵੇ ਤਾਂ ਉਨ੍ਹਾਂ
> ਨੂੰ ਕੋਈ ਵੀ ਗੁਰੂ ਨਾ ਕਹੇ।[60]

ਸੁਖਾ ਸਿੰਘ ਲਿਖਦਾ ਹੈ ਕਿ ਢਾਕੇ ਤੋਂ ਇਕ ਸਿੱਖ ਨੇ ਗੁਰੂ ਜੀ ਵਾਸਤੇ ਇਕ ਸੁੰਦਰ ਉਦਾਈ ਸਚਈਆ ਮਸੰਦ ਰਾਹੀਂ ਭੇਜੀ। ਉਸ ਸਸੰਦ ਨੇ ਇਸਨੂੰ ਆਪਣੇ ਵਰਤੋਂ ਵਾਸਤੇ ਰਖ ਲਿਆ। ਕੁਝ ਸਮੇਂ ਬਾਅਦ ਉਹ ਸਿੱਖ ਆਪ ਗੁਰੂ ਦਰਸ਼ਨਾਂ ਲਈ ਆਇਆ ਤੇ ਆਉਂਦਾ ਹੋਇਆ ਇਕ ਹੋਰ ਉਣਾਈ ਲੈਂਦਾ ਆਇਆ ਜਦੋਂ ਗੁਰੂ ਨੂੰ ਭੇਂਟ ਕੀਤੀ। ਗੁਰੂ

ਜੀ ਨੂੰ ਬੜੀ ਪਸੰਦ ਆਈ ਤਾਂ ਸਿੱਖ ਨੇ ਕਿਹਾ ਇਸ ਨਾਲ ਦੀ ਮੈਂ ਪਹਿਲਾਂ ਸੁਚੱਈਆਂ ਮਸੰਦ ਰਾਹੀਂ ਭੇਜੀ ਸੀ ।[61] ਇਸ ਮਸੰਦ ਬਾਰੇ ਗੁਰੂ ਜੀ ਨੂੰ ਸਾਰਾ ਪਤਾ ਲਗ ਗਿਆ ।

(ਗ) **ਮਸੰਦ ਸਿਸਟਮ ਦਾ ਖਾਤਮਾ**

ਗੁਰੂ ਜੀ ਨੇ ਮਸੰਦਾਂ ਦੀਆਂ ਇਨ੍ਹਾਂ ਸਾਰੀਆਂ ਕਰਤੂਤਾਂ ਵੇਖ ਕੇ ਮਨ ਵਿਚ ਫੈਸਲਾ ਕਰ ਲਿਆ ਕਿ ਮਸੰਦ ਸਿਸਟਮ ਖਤਮ ਕਰ ਦਿੱਤਾ ਜਾਵੇ ਅਤੇ ਸੰਗਤ ਨੂੰ ਸਿੱਧਾ ਗੁਰੂ ਨਾਲ ਜੋੜ ਲਿਆ ਜਾਵੇ । ਇਨ੍ਹਾਂ ਸਾਰੀਆਂ ਗੱਲਾਂ ਨੂੰ ਸੋਚ ਕੇ ਗੁਰੂ ਜੀ ਨੇ 19 ਫਰਵਰੀ 1694 ਨੂੰ ਇਕ ਹੁਕਮਨਾਮਾ[62] ਸਿੱਖ ਸੰਗਤਾਂ ਦੇ ਨਾਂ ਜਾਰੀ ਕੀਤਾ ਕਿ ਸੰਗਤਾਂ ਆਪਣੀ ਦਸਵੰਧ ਦੀ ਭੇਟਾ ਵੈਸਾਖੀ ਵਾਲੇ ਦਿਨ ਸਿੱਧਾ ਗੁਰੂ ਪਾਸ ਲੈ ਕੇ ਆਉਣ ਮਸੰਦਾਂ ਨੂੰ ਦੇਣ ਦੀ ਲੋੜ ਨਹੀਂ ਹੁਕਮਨਾਮੇ ਦੇ ਸ਼ਬਦ ਸਪਸ਼ਟ ਕਰਨ ਲਈ ਇਸਦੀ ਫੋਟੋ ਸਟੇਟ ਦਿੱਤੀ ਜਾ ਰਹੀ ਹੈ । ਦੇਖੋ ਹੁਕਮਨਾਮਾ ਨੰਬਰ 42,

ਇਕ ਹੋਰ ਹੁਕਮਨਾਮੇ ਜੋ 1968 ਵਿਚ ਜਾਰੀ ਕੀਤਾ ਸਿੱਖ ਸੰਗਤਾਂ ਨੂੰ ਨਵੀਆਂ ਹਿਦਾਇਤਾਂ ਜਾਰੀ ਕੀਤੀਆਂ । ਹਰੀ ਰਾਮ ਗੁਪਤਾ ਅਨੁਸਾਰ ਗੁਰੂ ਜੀ ਨੇ ਖਾਲਸਾ ਸਾਜਣ ਤੋਂ 6 ਮਹੀਨੇ ਪਹਿਲਾਂ ਹੀ ਇਹ ਮਨ ਬਣਾ ਲਿਆ ਸੀ ਕਿ ਇਸ ਮਸੰਦ ਸਿਸਟਮ ਨੂੰ ਖਤਮ ਕਰਕੇ ਵਿਚੋਲਾਪਨ ਸਮਾਪਤ ਕਰਕੇ ਸੰਗਤ ਨੂੰ ਖਾਲਸਾ ਕਰਕੇ ਸਿੱਖਾਂ ਨੂੰ ਆਪਣੇ ਨਾਲ ਜੋੜ ਲੈਣਾ ਹੈ ।[63] ਭਾਈ ਗੁਰਦਾਸ ਦੂਸਰਾ ਲਿਖਦਾ ਹੈ,

ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ[64] 12 ਮਾਰਚ 1699 ਗੁਰੂ ਜੀ ਨੇ ਇਕ ਹੁਕਮਨਾਮਾ ਮਾਛੀਵਾੜੇ ਤੋਂ ਜਾਰੀ ਕੀਤਾ ਕਿ ਸੰਗਤ ਕਿਸੇ ਵੀ ਮਸੰਦ ਨੂੰ ਭੇਟਾ ਨਾ ਦੇਵੇ ਆਪ ਭੇਟਾ ਲੈ ਕੇ ਆਉਣਾ[65] । ਇਸ ਤਰ੍ਹਾਂ ਹੋਰ ਵੀ ਹੁਕਮਨਾਮੇ ਜਾਰੀ ਹੋਏ ਜਿਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਹਦਾਇਤਾਂ ਸਪਸ਼ਟ ਕੀਤੀਆਂ ਗਈਆਂ ਹਨ । ਇਨ੍ਹਾਂ ਹੁਕਮਨਾਮਿਆਂ ਨਾਲ ਸਿੱਖਾਂ ਵਿਚ ਮਸੰਦਾਂ ਵਲੋਂ ਜਲੀਲਤਾ ਭਰਿਆ ਵਰਤਾਉ ਤੇ ਦਬਾਉ ਹੀ ਨਹੀਂ ਖਤਮ ਹੋਇਆ ਸਗੋਂ ਸਿੱਖਾਂ ਦਾ ਗੁਰੂ ਨਾਲ ਸਿਧਾ ਸੰਪਰਕ ਪੈਦਾ ਹੋ ਗਿਆ ।

ਖਾਲਸੇ ਦੀ ਸਥਾਪਨਾ ਉਪਰੰਤ ਮਸੰਦ ਸਿਸਟਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੇ ਆਦੇਸ਼ ਦੇ ਦਿੱਤੇ । ਇਹ ਇਕ ਬੜਾ ਵੱਡਾ ਕਦਮ ਸੀ । ਇਸ ਸੂਚਨਾ ਨਾਲ ਸਿੱਖਾਂ ਵਿਚ ਖੁਸ਼ੀ ਦੀ ਲਹਿਰ ਪੈਦਾ ਹੋ ਗਈ ।[66]

੪੨

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੰਗਤੀਆ ਜੋਗੁ

[ਫਗਣ ਸੁਦੀ ੫, ਸੰਮਤ ੧੭੫੦, ੧੯ ਫਰਵਰੀ ੧੬੯੪]

"...ਸੰਗਤਿ ਬਿਸੋਏ ਨੋ ਦਰਸਨਿ ਆਵਣਾ...
ਇਕ ਤੁਪਕ ਸਾਜ ਸੁਧਾ ਲੈ ਆਵਣਾ..."

[ਗੁ. ਅਹੀਆ ਗੰਜ ਲਖਨਊ]

## ਹੁਕਮਨਾਮੇ

### ੪੨

[ਹੁਕਮਨਾਮਾ ਪਾਤਸਾਹੀ ੧੦]

ਫੱਗਣ ਸੁਦੀ ੫, ਸੰਮਤ ੧੭੫੦ ਬਿ.
੧੯ ਫਰਵਰੀ, ੧੬੯੪ ਈ.

[ਗੁਰੂ ਜੀ ਦੀ ਲਿਖਤ]

ਇਕ ਤੁਪਕ

੧ਓ ਗੁਰੂ ਸਤ

ਭਾਈ ਸੰਗਤੀਆ ਕਾਰ ਸੰਗਤ
ਲੈ ਆਵਣਾ ਖੁਸੀ ਹੈ

[ਲਿਖਾਰੀ ਦੀ ਲਿਖਤ]

੧ਓ ਗੁਰੂ ਸਤ

ਸਿਰੀ ਸਤਿਗੁਰੂ ਜੀਉ ਕੀ ਆਗਿਆ ਹੈ ਭਾਈ ਸੰਗਤੀਆ ਬਾਲਾ ਸਰਬਤਿ ਸੰਗਤਿ
ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ
ਜਨਮ ਸਉਰੇਗਾ ਕਾਰ ਲੈ ਕੇ ਸੰਗਤਿ ਬਿਸੋਏ ਨੋ ਦਰਸਨਿ ਆਵਣਾ ਜੋ ਆਵੈਗਾ
ਸੋ ਨਿਹਚਲੁ ਹੋਵਗੁ
੧ ਇਕੁ ਤੁਪਕ ਸਾਜ ਸੁਧਾ ਲੈ ਆਵਣਾ
ਮਿਤੀ ਫਗਣ ਸੁਦੀ ੫ ਸੰਮਤ ੧੭੫੦ ਪੰਜਾਹਾ

੪੬

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਮਾਛੀਵਾੜੇ ਕੀ ਜੋਗੁ

[ਚੇਤ ੧੪, ੧੭੫੫ ਬਿ., ੧੨ ਮਾਰਚ ੧੬੯੯ ਈ.]

"...ਇਕ ਤੋਲੇ ਸੋਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜੂਰਿ ਭੇਜਣਾ... ਗੋਲਕ ਦਸਵੰਧ ਮੰਨਤ ਸੋ ਹਜੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀਂ..."

[ਸੈਂਟਰਲ ਸਿੱਖ ਅਜਾਇਬ ਘਰੁ ਅੰਮ੍ਰਿਤਸਰ]

## ੪੬

[ਹੁਕਮਨਾਮਾ ਪਾਤਸ਼ਾਹੀ ੧੦]

ਚੇਤ ੧੪, ਸੰਮਤ ੧੭੫੫ ਬਿ.
੧੨ ਮਾਰਚ, ੧੬੯੯ ਈ.

[ਗੁਰੂ ਜੀ ਦਾ ਨਿਸ਼ਾਨ ਤੇ ਲਿਖਤ]

੧ ਭੇਜਣਾ

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ ਜੀ

ਸਿਰੀ ਗੁਰੂ ਜੀਓੁ ਦੀ ਆਗਿਆ ਹੈ ਭਾਈ ਕਲਿਆਣ ਰਾਇ ਸਰਬਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੈਗਾ ਸੰਗਤਿ ਮੇਰਾ ਖਾਲਸਾ ਹੈ ਇਕੁ ਤੋਲੇ ਸੁਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜੂਰਿ ਭੇਜਣਾ ਜੋ ਗੁਰੂ ਕੇ ਨਵਿਤ ਕਾ ਹੋਵੈ ਗੋਲਕ ਦਸਵੰਧ ਮੰਨਤ ਸੋ ਹਜੂਰ ਆਪ ਲੈ ਆਵਣਾ ਮਸੰਦਾ ਨੋ ਮੰਨਣਾ ਨਾਹੀ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਮਨੋਰਥ ਪੂਰੇ ਹੋਵਹਿਗੇ ॥ ਸੰਮਤੁ ੧੭੫੫ ॥ ਮਿਤੀ ਚੇਤੋ ਚਉਦਹ ॥ ੧੪ ॥ ਸਤਰਾਂ ਅਠ ॥ ੮ ॥

# ਮਸੰਦ ਪਰੰਪਰਾ

**ਫੁਟ ਨੋਟ ਤੇ ਹਵਾਲੇ**

1. ਪੰਜਾਬ ਪਾਸਟ ਐਂਡ ਪ੍ਰਾਜੈਂਟ ਸੰਪਾ. ਡਾ. ਗੰਡਾ ਸਿੰਘ ਵੋਲੀਅਮ 1967 ਫੁ, ਨੰ. 21 ਪੰਨਾ 57
2. ਇੰਦੂ ਭੂਸ਼ਨ ਬੈਨਰਜੀ ਏਵੋਲੂਸਨ ਆਫ ਖਾਲਸਾ ਭਾਗ ਪਹਿਲਾ ਪੰਨਾ 260
3. ਜੀ.ਸੀ. ਨਾਰੰਗ ਸਿੱਖ ਮਤ ਦਾ ਪਰਿਵਰਤਣ ਪੰਨਾ 34
4. ਹਰੀ ਰਾਮ ਗੁਪਤਾ-ਹਿਸਟਰੀ ਆਫ ਸਿਖਸ, ਭਾਗ ਪਹਿਲਾ ਪੰ. 278
5. ਪੰਜਾਬ ਪਾਸਟ ਐਂਡ ਪ੍ਰਾਜੈਂਟ-ਉਹੀ ਫੁਟ ਨੋਟ ਪੰ. 57
6. ਰਤਨ ਸਿੰਘ ਜੱਗੀ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼ ਪੰ. 489
7. ਭਾਈ ਗੁਰਦਾਸ ਵਾਰ 11, 28-4
8. ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ ਪੰ. 1853
9. ਡਾ. ਗੰਡਾ ਸਿੰਘ, ਦੇ ਸ਼ਾਰਟ ਹਿਸਟਰੀ ਆਫ ਦਾ ਸਿਖਸ ਪੰ. 27
10. ਹਰੀ ਰਾਮ ਗੁਪਤਾ ਉਹੀ ਪੰ. 90
11. ਉਹੀ
12. ਇੰਦੂ ਭੂਸ਼ਨ ਬੈਨਰਜੀ, ਉਹੀ ਪੰ. 194
13. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼,
14. ਫੌਜਾ ਸਿੰਘ ਉਹੀ ਪੰ. 5
15. ਭਾਈ ਸੰਤੋਖ ਸਿੰਘ, ਉਹੀ, ਪੰ. 1859
16. ਉਹੀ, ਪੰ. 2320
17. ਦਾਬਿਸਤਾਨ ਪੰ. 233
18. ਹਰੀ ਰਾਮ ਗੁਪਤਾ, ਉਹੀ, ਪੰ 90
19. ਇੰਦੂ ਭੂਸ਼ਨ ਬੈਨਰਜੀ, ਪੰ. 155
20. ਜੀ.ਸੀ ਨਾਰੰਗ ਪੰ. 43
21. ਹਰੀ ਰਾਮ ਗੁਪਤਾ ਉਹੀ ਪੰ. 90
22. ਦਾਬਿਸਤਾਨ, ਉਹੀ ਪੰ. 53
23. ਉਹੀ ਪੰ. 233
24. ਜੀ.ਸੀ. ਨਾਰੰਗ ਉਹੀ, ਪੰ. 34
25. ਇੰਦੂ ਭੂਸ਼ਨ ਬੈਨਰਜੀ, ਉਹੀ, ਪੰ. 193

25. ਭਾਈ ਗੁਰਦਾਸ ਵਾਰ 26, 33-3
26. ਉਹੀ 26, 24-4
27. ਮਹਾਨ ਕੋਸ਼-ਪੰਨਾ 846.
28. ਹਰੀ ਰਾਮ ਗੁਪਤਾ ਉਹੀ ਪੰਨਾ
29. ਡਾ. ਫੌਜਾ ਸਿੰਘ ਉਹੀ
30. 'ਫੌਜਾ ਸਿੰਘ ਦੀ ਪੰਜਾਬ ਪਾਸਟ ਐਂਡ ਪਰੈਜ਼ੈਂਟ ਐਕ 13 ਅਕਤੂਬਰ 1979 ਪੰਨਾ 319
31. ਐਥਨ ਕੇ ਮੈਰੇਕੋ, ਉਧਰਿਤ, ਪ੍ਰਿੰ. ਸਤਿਬੀਰ ਸਿੰਘ ਪਰਬਤੁ ਮੇਰਾਣੂ ਪੰਨਾ 150
32. ਪੁਰਾਤਨ ਜਨਮ ਸਾਖੀ ਪੰਨਾ 169
33. ਭਗਤ ਸਿੰਘ, ਸਿੱਖ ਪਾਲਿਟੀ ਅਠਾਰਵੀਂ ਤੇ 19ਵੀਂ ਸਦੀ ਪੰਨਾ 25.
34. ਬਿੰਦੂ ਭੂਸ਼ਨ ਬੈਨਰ ਜੀ, ਉਹੀ ਪੰਨਾ 168
35. ਸਤਿਬੀਰ ਸਿੰਘ, ਪਰਬਤੁ ਮੈਗਣੁ, ਨਿਊ ਬੁਕ ਕੰਪਨੀ ਜਲੰਧਰ, 1978 ਪੰਨਾ 152
36. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ਪੰਨਾ
37. ਉਹੀ ਤਵਾਰੀਖ ਗੁਰੂ ਖਾਲਸਾ ਪੰਨਾ
38. ਇੰਦੂ ਭੂਸ਼ਨ ਬੈਨਰ ਜੀ, ਵੈਵੱਲੂਸ਼ਨ ਆਫ ਖਾਲਸਾ ਭਾਗ ਦੂਜਾ ਪੰਨਾ 168
39. ਜੀ.ਸੀ. ਨਾਰੰਗ ਪੰਨਾ 22
40. ਗਿਆਨੀ ਗਿਆਨ ਸਿੰਘ, ਉਹੀ ਜਿਲਦ ਪਹਿਲੀ ਪੰਨਾ 910
41. ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ,
42. ਸਰੂਪ ਦਾਸ ਮਹਿਮਾ ਪ੍ਰਕਾਸ਼
43. ਹਰੀ ਰਾਮ ਗੁਪਤਾ, ਉਹੀ ਭਾਗ ਪਹਿਲਾ ਪੰਨਾ 85
44. ਨਿਹਰੰਜਨ ਰੇ, ਸਿੱਖ ਗੁਰੂ ਅਤੇ ਸਿੱਖ ਸੁਸਾਇਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ 24
45. ਕਨਈਆ ਲਾਲ, ਤਰੀਖੇ ਏ ਪੰਜਾਬ ਪੰਨਾ 19
46. ਤੋਲਾ ਸਿੰਘ ਭੱਲਾ, ਕਰਤਾ ਗੁਰ ਰਤਨਾਵਲੀ, ਹਥ ਲਿਖਤ ਨੰ. 842 ਪੰਨਾ 18 ਓ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਉਧਰਿਤ ਮਦਨ ਜੀਤ ਕੌਰ, ਗੁਰੂ ਅਮਰ ਦਾਸ ਜੀਵਨ ਤੇ ਚਿੰਤਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਪੰਨਾ 153 ਫੁਟ ਨੋਟ 5
47. ਪ੍ਰਿੰਸੀਪਲ ਸਤਿਬੀਰ ਸਿੰਘ ਉਹੀ-ਪੰਨਾ 152
48. ਭਾਈ ਸੰਤੋਖ, ਗੁਰ ਪ੍ਰਤਾਪ ਸੂਰਜ ਗ੍ਰੰਥ, 1840 ਸਫਾ ਭਾਈ ਵੀਰ ਸਿੰਘ ਜਿਲਦ ਪੰਜ ਪੰਨਾ 1693-94

49. ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਭਾਗ 2. ਪੰਨਾ 151
50. ਪੀ. ਸਰਨ, ਪ੍ਰੋਵਿੰਸੀਅਲ ਗਵਰਨਮੈਂਟ ਆਫ ਮੁਗਲ ਪੰਨਾ 65-66
51. ਤੇਜਾ ਸਿੰਘ ਉਹੀ ਪੰਨਾ 128-129
52. ਵੀ.ਡੀ. ਮਹਾਜਨ, ਇੰਡੀਆ ਸਿਨਸ 1526, ਪੰਨਾ 236
53. ਉਧਰਿਤ ਮਦਨਜੀਤ ਕੌਰ ਆਰਟੀਕਲ, ਗੁਰੂ ਅਮਰ ਦਾਸ ਜੀਵਨ ਤੇ ਚਿੰਤਨ
54. ਗੰਡਾ ਸਿੰਘ, ਏ ਸ਼ਾਰਟ ਹਿਸਟਰੀ ਆਫ ਦੀ ਸਿਖਸ, ਪੰਨਾ 23
55. ਗੁਰੂ ਅਮਰ ਦਾਸ ਜੀਵਨ ਤੇ ਚਿੰਤਨ, ਪੰਨਾ 159
56. ਭਾਈ ਗੁਰਦਾਸ, ਵਾਰ 11, ਪਉੜੀ 16
57. ਡਾ. ਬਲਵੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰ ਦਾਸ, ਪੰਨਾ 6
58. ਪਰਵਤ ਮੈਗਣ, ਪੰਨਾ 152-154
59. ਜੀ.ਸੀ. ਨਾਰੰਗ, ਉਹੀ ਪੰਨਾ 33
60. ਗੋਪਾਲ ਸਿੰਘ ਉਹੀ ਪੰਨਾ 163
61. ਜੀ.ਸੀ. ਨਾਰੰਗ, ਉਹੀ, ਪੰ. 22
62. ਜੀ.ਐਸ. ਛਾਬੜਾ ਉਹੀ ਐਡਵਾਂਸਡ ਹਿਸਟਰੀ ਆਫ ਦੀ ਪੰਜਾਬ ਪੰਨਾ 130
63. ਏ.ਸੀ. ਬੈਨਰਜੀ ਗੁਰੂ ਨਾਨਕ ਐਂਡ ਹਿਜ਼ ਟਾਈਮਜ਼,
64. ਗੋਬਿੰਦ ਸਿੰਘ ਮਨਸੁਖਾਨੀ, ਇਨਟਰੋਡੇਕਸ਼ਨ ਟੂ ਸਿਖਇਜ਼ਮ ਪੰਨਾ 96
65. ਤੇਜਾ ਸਿੰਘ, ਉਹੀ, ਪੰਨਾ 123
66. ਰਣਬੀਰ ਸਿੰਘ, Glimpser of the Devihre Masters. p. 155
67. ਬਲਵੀਰ ਸਿੰਘ ਦਿਲ ਉਹੀ ਪੰਨਾ 61
68. ਤੇਜਾ ਸਿੰਘ ਉਹੀ ਪੰਨਾ 118
69. ਡਾ. ਸੰਤੋਖ ਸਿੰਘ, ਗੁਰੂ ਪ੍ਰਤਾਪ ਸੂਰਜ ਗ੍ਰੰਥ
70. ਡਾ. ਮੰਗਲ ਸਿੰਘ, ਜੀਵਨ ਬਾਬਾ ਬੁੱਢਾ ਜੀ ਪੰਨਾ 503-4
71. ਗਿਆਨੀ ਤਰਲੋਕ ਸਿੰਘ ਜੀਵਨ ਗੁਰੂ ਅਮਰ ਦਾਸ ਜੀ ਪੰਨਾ 84-85
72. ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ, ਪੰਨਾ 278

## ਮੰਜੀ ਸਿਸਟਮ

### ਫੁਟ ਨੋਟ ਤੇ ਹਵਾਲੇ

1. ਭਾਈ ਕਾਨ ਸਿੰਘ ਨਾਭਾ, ਗੁਰਮਤ ਸੁਧਾਕਰ ਪੰਨਾ : 157
2. ਉਹੀ
3. ਭਾਈ ਗੁਰਦਾਸ ਵਾਰ 1-14, 5-13, 11-3, 12-16.
   (ਨਾਮ ਦਾਨ ਇਸਨਾਨ ਦ੍ਰਿੜ ਸਾਧ ਸੰਗਤਿ ਮਿਲ ਅੰਮ੍ਰਿਤ ਵੇਲਾ, 12-16)
4. ਹਰੀ ਰਾਮ ਗੁਪਤਾ-ਹਿਸਟਰੀ ਆਫ ਸਿੱਖ ਗੁਰੂਜ਼, 1973, ਪੰਨਾ 58.
5. ਉਹੀ
6. ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਣ, ਪੰਜਾਬੀ ਯੂਨੀਵਰਸਿਟੀ ਪਟਿਆਲਾ 1973 ਪੰਨਾ 14.
7. ਉਹੀ ਪੰਨਾ 15. ਫੁਟ ਨੋਟ 1.
8. ਭਾਈ ਗੁਰਦਾਸ, ਵਾਰ 26, 34-2
9. ਗੋਕਲ ਚੰਦ ਨਾਰੰਗ ਉਹੀ ਪੰਨਾ 17.
10. ਮਹਾਨ ਕੋਸ਼ ਪੰਨਾ 342, ਭਾਈ ਗੁਰਦਾਸ ਵਾਰ 1-23, ਗੁਰੂ ਗ੍ਰੰਥ, ਗਉੜੀ 5,-239
11. ਹਰੀ ਰਾਮ ਗੁਪਤਾ ਉਹੀ ਪੰਨਾ 50
12. ਭਾਈ ਗੁਰਦਾਸ, ਵਾਰ 1. ਪਉੜੀ 38.
13. ਹਰੀ ਰਾਮ ਗੁਪਤਾ ਉਹੀ-ਪੰਨਾ 277.
14. ਹਰੀ ਰਾਮ ਗੁਪਤਾ, ਉਹੀ ਪੰਨਾ 398
15. ਉਹੀ
16. ਡਾ. ਗੋਪਾਲ ਸਿੰਘ, ਏ ਹਿਸਟਰੀ ਆਫ ਸਿੱਖ ਪੀਪਲ, ਪੰਨਾ 163-64
17. ਫੌਜਾ ਸਿੰਘ, ਗੁਰੂ ਅਮਰ ਦਾਸ ਜੀਵਨ ਤੇ ਸਿਖਿਆ, (ਅੰਗਰੇਜ਼ੀ), ਪੰ. 127
18. ਗਾਂਧੀ, ਪੰਨਾ 193-194.
19. ਛਾਬੜਾ ਪੰਨਾ 130
20. ਡਾ. ਜੀ.ਸੀ. ਨਾਰੰਗ, ਸਿੱਖ ਮਤ ਦਾ ਪਰਿਵਰਤਨ ਪੰਨਾ 22 ਫੁ.ਨੋ. 1.
21. ਕਾਨ੍ਹ ਸਿੰਘ ਨਾਭਾ ਮਹਾਨਕੋਸ਼ ਪੰਨਾ 1001
22. ਮਹਾਨ ਕੋਸ਼ ਪੰਨਾ 750, ਬੜਾ ਸਾਹਿਬ ਪੰ. 457
23. ਜੀ.ਐਸ. ਛਾਬੜਾ, ਐਡਵਾਂਸ ਹਿਸਟਰੀ ਆਫ ਪੰਜਾਬ, ਪੰਨਾ 130.
24. ਡਾ. ਗੋਪਾਲ ਸਿੰਘ ਉਹੀ ਪੰਨਾ 102.

26. ਹਰੀ ਰਾਮ ਗੁਪਤਾ ਉਹੀ ਪੰ. 399

27. ਮਹੁੰਮਦ ਲਤੀਫ, History of the Punjab

28. ਸੀ.ਐਚ. ਪੇਨ A Short History of Sikhs,

29. ਜੀ.ਸੀ. ਨਾਰੰਗ ਉਹੀ ਪੰ. 43 ਫ ਨੋ.

30. ਜੋਗਿੰਦਰ ਸਿੰਘ ਰੇਖੀ ਪੀ.ਐਡ.ਡੀ. ਸੋਧ ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ Guru Arjan Dev, A Study of sikh institutions practice and out book p. 148

31. ਇੰਦੂ ਭੂਸ਼ਨ ਬੈਨਰਜੀ, ਉਹੀ ਭਾਗ ਦੂਜਾ, ਪੰ. 1

32. ਹਰੀ ਰਾਮ ਗੁਪਤਾ ਉਹੀ ਪੰ. 277

33. ਉਹੀ ਪੰ. 93

34. ਦਾਬਿਸਤਾਨ ਪੰਨਾ 52

35. ਭਾਈ ਗੁਰਦਾਸ-ਵਾਰ-11 ਪਾਉੜੀ 20

36. ਪੰਜਾਬ ਪਾਸਟ ਐਂਡ ਪ੍ਰਜੈਂਟ-1967 ਪੰ. 58 ਫੁ.ਨੋ. 23

37. ਉਹੀ

38. ਡਾ ਗੋਪਾਲ ਸਿੰਘ, ਦੇ ਹਿਸਟਰੀ ਆਫ ਸਿੱਖ ਪੀਪਲਜ਼, ਪੰ. 163

39. ਇੰਦੂ ਭੂਸ਼ਨ ਬੈਨਰਜੀ ਉਹੀ ਪੰ. 8

40. ਉਹੀ ਪੰ. 3

41. ਉਹੀ ਪੰ. 52

42. ਹਰੀ ਰਾਮ ਗੁਪਤਾ ਉਹੀ ਪੰ. 399

43. ਮੈਕਾਲਿਫ, ਭਾਗ ਚੌਥਾ, ਪੰ. 316

44. ਜੀ.ਸੀ. ਨਾਰੰਗ ਉਹੀ. 73 ਫੁ.ਨੋ.

45. ਹਰੀ ਰਾਮ ਗੁਪਤਾ ਉਹੀ ਪੰ. 399

46. ਉਹੀ. ਪੰ. 316-317

47. ਮੈਕਾਲਿਫ ਉਹੀ ਭਾਗ ਚੌਥਾ ਪੰ. 334

48. ਇੰਦੂ ਭੂਸ਼ਨ ਬੈਨਰਜੀ ਉਹੀ ਪੰ. 68

49. ਉਹੀ ਪੰ. 54

50. ਹਰੀ ਰਾਮ ਗੁਪਤਾ ਉਹੀ ਪੰ. 400

51. ਇੰਦੂ ਭੂਸ਼ਨ ਬੈਨਰਜੀ ਉਹੀ ਪੰ. 55

52. ਉਹੀ ਪੰ. 64

53. ਉਹੀ ਪੰ. 109

54. ਮੈਕਾਲਿਫ ਭਾਗ 5 ਪੰ. 88

55. ਉਹੀ ਭਾਗ 5 ਪੰ. 84-89
56. ਉਹੀ ਭਾਗ 5 ਪੰ. 21
57. ਉਹੀ
58. ਉਹੀ ਪੰ. 88
59. ਉਹੀ
60. ਸੁੱਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ 10
61. ਸੁੱਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ 10
62. ਹੁਕਮਨਾਮਾ ਸੰਪ, ਡਾ. ਗੰਡਾ ਸਿੰਘ ਨੰ: 42
63. ਹਰੀ ਰਾਮ ਗੁਪਤਾ ਉਹੀ
64. ਭਾਈ ਗੁਰਦਾਸ ਦੂਸਰਾ ਵਾਰ 41 ਪਉੜੀ
65. ਹੁਕਮਨਾਮਾ, ਉਹੀ ਨੰ. 46
66. ਮੈਕ੍ਰਾਲਿਫ ਉਹੀ ਭਾਗ 5. ਪੰ. 86